
People's Herald People's Herald



# “ਇਕੁਐਲਿਟੀ ਐਂਡ ਜਸਟਿਸ”

Rs- 160/month

https://www.facebook.com/profile.php?id=161037521061610

ਪਟਿਆਲਾ



“Equality and Justice” स्वतंत्रता, समानता, भाईचारा

PATIALA On line paper 03 ਦਸੰਬਰ 2025 ਬੁੱਧਵਾਰ “ਰੋਜ਼ਾਨਾ” ਚੌਥਾ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773

## 4 ਤੋਂ 6 ਦਸੰਬਰ ਤੱਕ ਗੁਰਦਾਸਪੁਰ ਅਤੇ ਪਠਾਨਕੋਟ ਦੇ ਖਜ਼ਾਨਾ ਦਫਤਰਾਂ ਵਿਚ ਪੈਨਸ਼ਨਾਂ ਦੀ ਕੀਤੀ ਜਾਏਗੀ EKYC : ਜਿਲ੍ਹਾ ਖਜਾਨਾ ਅਫਸਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਦਸੰਬਰ INTERNATIONAL PAPER, 94636 01616 hardipchumber57@gmail.com

ਜੋਗਿੰਦਰ ਪਾਲ ਸ਼ਰਮਾ, ਜਿਲ੍ਹਾ ਖਜਾਨਾ ਅਫਸਰ, ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿੱਤ ਵਿਭਾਗ ਪੰਜਾਬ ਵੱਲੋ ਪੈਨਸ਼ਨਰ ਸੇਵਾ ਪੋਰਟਲ ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਨਾਲ ਪੰਜਾਬ ਸਰਕਾਰ ਦਾ ਹਰ ਪੈਨਸ਼ਨਰ/ਫੈਮਿਲੀ ਪੈਨਸ਼ਨਰ ਘਰ ਬੈਠ ਕੇ ਹੀ ਪੈਨਸ਼ਨ ਸੇਵਾ ਪੋਰਟਲ ਰਾਹੀ ਸਰਕਾਰ ਵੱਲੋ ਮਿਲ ਰਹੀ ਹਰ ਸਹੂਲਤ ਆਨਲਾਇਨ ਮਾਧਿਅਮ ਰਾਹੀ ਪ੍ਰਾਪਤ ਕਰ ਸਕਣਗੇ। ਜਦਕਿ ਪਹਿਲਾਂ ਅਜਿਹੇ ਕੰਮਾਂ ਲਈ ਪੈਨਸ਼ਨਰਾਂ ਨੂੰ ਬੈਂਕ ਜਾ ਜਿਲਾ ਖ਼ਜਾਨਾ ਦਫਤਰਾਂ ਵਿਚ ਆਉਣਾ ਪੈਂਦਾ ਸੀ।

ਇਸ ਲਈ ਪੰਜਾਬ ਸਰਕਾਰ ਦੇ ਸਮੂਹਿਕ ਪੈਨਸ਼ਨਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੀ ਪੈਨਸ਼ਨ ਬੁੱਕ, ਆਧਾਰ ਕਾਰਡ, ਆਧਾਰ ਕਾਰਡ ਨਾਲ ਲਿੰਕਡ ਮੋਬਾਇਲ ਨੰਬਰ ਲੈ ਕੇ ਜਿਲਾ ਗੁਰਦਾਸਪੁਰ ਅਤੇ ਜਿਲਾ ਪਠਾਨਕੋਟ ਅਧੀਨ ਆਉਂਦੇ ਖਜ਼ਾਨਾ ਦਫਤਰਾਂ (ਗੁਰਦਾਸਪੁਰ, ਬਟਾਲਾ, ਕਾਦੀਆਂ, ਡੇਰਾ ਬਾਬਾ ਨਾਨਕ, ਪਠਾਨਕੋਟ, ਜੁਗਿਆਲ ਅਤੇ ਨਰੋਟ ਜ਼ੈਮਲ ਸਿੰਘ ) ਨਾਲ ਸੰਪਰਕ ਕਰਨ ਤਾਂ ਜੋ ਪੈਨਸ਼ਨਰਾਂ ਦੀ EKYC ਦਾ ਕੰਮ ਮੁਕੰਮਲ ਕਰਕੇ ਉਹਨ ਨੂੰ ਪੈਨਸ਼ਨਰ ਸੇਵਾ ਪੋਰਟਲ ਨਾਲ ਜੋੜਿਆ ਜਾ ਸਕੇ।



ਜਿਲ੍ਹਾ ਖਜਾਨਾ ਅਫਸਰ, ਗੁਰਦਾਸਪੁਰ ਨੇ ਦਸਿਆ ਕਿ 04 ਦਸੰਬਰ ਤੋ 06 ਦਸੰਬਰ ਤੱਕ ਜਿਲਾ ਗੁਰਦਾਸਪੁਰ ਅਤੇ ਜਿਲਾ ਪਠਾਨਕੋਟ ਦੇ ਹਰ ਖਜ਼ਾਨਾ ਦਫਤਰਾਂ ਵਿਚ ਸਪੈਸ਼ਲ ਕਾਊਂਟਰ ਲਗਾ ਕੇ ਇਸ ਕੰਮ ਨੂੰ ਮੁਕੰਮਲ ਕੀਤਾ ਜਾਵੇਗਾ।

## ਭਾਰਤ ਦੀ ਸਮੁੰਦਰੀ ਤਾਕਤ ’ਚ ਹੋਵੇਗਾ ਜ਼ਬਰਦਸਤ ਵਾਧਾ


### ਬੈਲਿਸਟਿਕ ਮਿਜ਼ਾਈਲਾਂ ਨਾਲ ਲੈਸ ਤੀਜੀ ਸਵਦੇਸ਼ੀ ਪਰਮਾਣੂ ਪਣਡੁੱਬੀ ਨੂੰ ਕਰੇਗਾ ਕਮਿਸ਼ਨ !

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਦਸੰਬਰ INTERNATIONAL PAPER, 94636 01616 hardipchumber57@gmail.com

ਭਾਰਤੀ ਜਲ ਸੈਨਾ ਦੇ ਮੁਖੀ ਐਡਮਿਰਲ ਡੀਕੇ ਤ੍ਰਿਪਾਠੀ ਨੇ ਕਿਹਾ ਕਿ ਭਾਰਤ ਜਲਦੀ ਹੀ ਆਪਣੀ ਤੀਜੀ ਸਵਦੇਸ਼ੀ ਪਰਮਾਣੂ ਉਰਜਾ ਨਾਲ ਚੱਲਣ ਵਾਲੀ ਅਤੇ ਬੈਲਿਸਟਿਕ ਮਿਜ਼ਾਈਲ ਲੈ ਕੇ ਜਾਣ ਵਾਲੀ ਪਣਡੁੱਬੀ, ਜਿਸਦਾ ਨਾਮ ‘ਅਰਿਦਮਨ ’ ਹੈ, ਨੂੰ ਕਮਿਸ਼ਨ ਕਰਨ ਜਾ ਰਿਹਾ ਹੈ।

ਨੇਵਲ ਭਾਸ਼ਾ ਵਿੱਚ ‘ਸ਼ਿਪ ਸਬਮਰਸੀਬਲ ਬੈਲਿਸਟਿਕ ਨਿਊਕਲੀਅਰ’ (SSBN) ਕਹੇ ਜਾਣ ਵਾਲੀ, ਭਾਰਤ ਪਹਿਲਾਂ ਹੀ INS ਅਰਿਹੰਤ ਅਤੇ INS ਅਰਿਘਾਟ ਨਾਮ ਦੀਆਂ ਦੋ ਅਜਿਹੀਆਂ ਪਣਡੁੱਬੀਆਂ ਸ਼ਾਮਲ ਕਰ ਚੁੱਕਾ ਹੈ। ਇਹ ਪਰਮਾਣੂ ਉਰਜਾ ਨਾਲ ਚੱਲਣ ਵਾਲੀਆਂ ਪਣਡੁੱਬੀਆਂ ਹਨ ਅਤੇ ਕਈ ਦਿਨਾਂ ਤੱਕ ਪਾਣੀ ਦੇ ਅੰਦਰ ਰਹਿ ਸਕਦੀਆਂ ਹਨ।

SSBN ਤੋਂ ਇਲਾਵਾ, ਭਾਰਤ ਰੂਸ ਤੋਂ ਇੱਕ ਪਰਮਾਣੂ ਉਰਜਾ ਨਾਲ ਚੱਲਣ ਵਾਲੀ ਹਮਲਾਵਰ ਪਣਡੁੱਬੀ (nuclear powered attack submarine) ਵੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਸੂਤਰਾਂ ਨੇ ਦੱਸਿਆ ਕਿ ਇਸ ਦੇ 2027 ਤੱਕ ਭਾਰਤ ਪਹੁੰਚਣ ਦੀ ਉਮੀਦ ਹੈ।





ਇਸ ਦੌਰਾਨ ਐਡਮਿਰਲ ਨੇ ਦੱਸਿਆ ਕਿ ਭਾਰਤੀ ਸ਼ਿਪਯਾਰਡਾਂ ਵਿੱਚ 51 ਜਹਾਜ਼ ਨਿਰਮਾਣ ਅਧੀਨ ਹਨ। ਰੱਖਿਆ ਮੰਤਰਾਲੇ ਨੇ ਹੋਰ 47 ਜਹਾਜ਼ ਬਣਾਉਣ ਦੀ ਵੀ ਮਨਜ਼ੂਰੀ ਦੇ ਦਿੱਤੀ ਹੈ।

## ਪੰਜ ਦਿਨਾਂ ਬਾਅਦ ਸਮਾਪਤ ਹੋਈ ਟਰਾਂਸਪੋਰਟ ਕਾਮਿਆਂ ਦੀ ਹੜਤਾਲ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਦਸੰਬਰ INTERNATIONAL PAPER, 94636 01616 hardipchumber57@gmail.com

ਆਪਣੀਆਂ ਮੰਗਾਂ ਦੀ ਪੂਰਤੀ ਨੂੰ ਲੈ ਕੇ ਪੀਆਰਟੀਸੀ ਪੰਜਾਬ ਰੋਡਵੇਜ਼, ਪਨਬਸ ਕੰਟਰੈਕਟ ਵਰਕਰ ਯੂਨੀਅਨ ਵੱਲੋਂ 28 ਨਵੰਬਰ ਤੋਂ ਸ਼ੁਰੂ ਕੀਤੀ ਗਈ ਰਾਜ ਵਿਆਪੀ ਹੜਤਾਲ ਅੱਜ ਪੰਜਵੇਂ ਦਿਨ ਸਮਾਪਤ ਕਰ ਦਿੱਤੀ ਗਈ।

ਇਸ ਸਬੰਧੀ ਭਾਵੇਂ ਸਮਝੌਤਾ ਤਾਂ 30 ਨਵੰਬਰ ਦੀ ਸ਼ਾਮ ਨੂੰ ਹੀ ਹੋ ਗਿਆ ਸੀ, ਪ੍ਰੰਤੂ ਸਰਕਾਰ ਅਤੇ ਯੂਨੀਅਨ ਦੇ ਦਰਮਿਆਨ ਇੱਕ ਕਸੂਤਾ ਪੇਸ਼ ਫਸ ਗਿਆ



ਸੀ। ਸਰਕਾਰ ਦਾ ਕਹਿਣਾ ਸੀ ਕਿ ਪਹਿਲਾਂ ਵਰਕਰ ਡਿਊਟੀਆਂ ਜੁਆਇਨ ਕਰਨ ਫੇਰ ਬਹਾਲ ਕਰਾਂਗੇ ਤੇ ਯੂਨੀਅਨ ਦਾ ਕਹਿਣਾ ਸੀ ਕਿ ਪਹਿਲਾਂ ਬਹਾਲੀ ਅਤੇ ਰਿਹਾਈ ਹੋਵੇ ਉਸ ਤੋਂ ਬਾਅਦ ਉਹ ਡਿਊਟੀ ਜੁਆਇਨ ਕਰਨਗੇ ਇਸ ਤਰ੍ਹਾਂ ਅੱਜ ਦੋਵਾਂ ਧਿਰਾਂ ਨੇ ਕੋਈ ਵਿਚਕਾਰਲਾ ਰਾਹ ਕੱਢਦਿਆਂ, ਦੁਪਹਿਰ 1 ਵਜੇ ਹੜਤਾਲ ਖ਼ਤਮ ਕਰ ਦਿੱਤੀ।

ਯੂਨੀਅਨ ਦੇ ਸੂਬਾਈ ਪ੍ਰਧਾਨ ਰੇਸ਼ਮ ਸਿੰਘ ਗਿੱਲ ਨੇ ਹੜਤਾਲ ਵਾਪਸੀ ਦਾ ਰਸਮੀ ਐਲਾਨ ਕੀਤਾ ਹੈ। ਦੂਜੇ ਪਾਸੇ ਪੀਆਰਟੀਸੀ ਦੇ ਵਾਈਸ ਚੇਅਰਮੈਨ ਬਲਵਿੰਦਰ ਸਿੰਘ ਨੇ ਵੀ ਹੜਤਾਲ ਵਾਪਸ ਹੋਣ ਦੀ ਪੁਸ਼ਟੀ ਕੀਤੀ ਹੈ।

ਬਲਵਿੰਦਰ ਸਿੰਘ ਦਾ ਕਹਿਣਾ ਹੈ ਕਿ ਮੁਅੱਤਲ ਵਰਕਰਾਂ ਨੂੰ ਬਹਾਲ ਕਰ ਦਿੱਤਾ ਗਿਆ ਹੈ। ਪ੍ਰੰਤੂ ਜੇਲਾਂ ਵਿੱਚ ਬੰਦ ਵਰਕਰਾਂ ਦੀ ਰਿਹਾਈ ’ਤੇ ਅਜੇ ਸਮਾਂ ਲੱਗ ਸਕਦਾ ਹੈ। ਉਂਝ ਹੜਤਾਲ ਵਾਪਸੀ ਤੋਂ ਬਾਅਦ ਵਰਕਰਾਂ ਨੇ ਡਿਊਟੀਆਂ ਸੰਭਾਲ ਲਈਆਂ ਤੇ 100 ਫੀਸਦੀ ਬੱਸਾਂ ਮੁੜ ਤੋਂ ਸੜਕਾਂ ਤੇ ਚੱਲ ਪਈਆਂ ਜਿਸ ਉਪਰੰਤ ਲੋਕਾਂ ਨੇ ਸੁੱਖ ਦਾ ਸਾਂ ਲਿਆ ਕਿਉਂਕਿ ਹੜਤਾਲ ਕਾਰਨ ਪੰਜ ਦਿਨਾਂ ਤੋਂ ਲੋਕਾਂ ਨੂੰ ਖੱਜਲ ਖੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ।।

## ਮੁੱਖ ਮੰਤਰੀ ਮਾਨ ਜਪਾਨ ਤੇ ਦੱਖਣੀ ਕੋਰੀਆ ਦੇ ਦੌਰੇ ’ਤੇ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਦਸੰਬਰ INTERNATIONAL PAPER, 94636 01616 hardipchumber57@gmail.com

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਫ਼ਦ ਅੱਜ ਜਪਾਨ ਅਤੇ ਦੱਖਣੀ ਕੋਰੀਆਂ ਦੇ ਦੌਰੇ ਲਈ ਚੰਡੀਗੜ੍ਹ ਤੋਂ ਰਵਾਨਾ ਹੋ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅੱਜ ਦੇਰ ਰਾਤ ਦਿੱਲੀ ਤੋਂ ਉਡਾਣ ਭਰੀ ਜਾਵੇਗੀ ਜੋ ਮੰਗਲਵਾਰ ਸਵੇਰੇ ਜਪਾਨ ਪਹੁੰਚੇਗੀ। ਮੁੱਖ ਮੰਤਰੀ ਨਾਲ ਪੰਜਾਬ ਦੇ ਉਦਯੋਗ ਤੇ ਵਣਜ, ਬਿਜਲੀ ਅਤੇ ਐੱਨ ਆਰ ਆਈ ਮਾਮਲਿਆਂ ਬਾਰੇ ਮੰਤਰੀ ਸੰਜੀਵ ਅਰੋੜਾ ਤੋਂ ਇਲਾਵਾ ਕਈ ਸੀਨੀਅਰ ਅਧਿਕਾਰੀ ਤੇ ‘ਇਨਵੈਸਟ ਪੰਜਾਬ’ ਦੀ ਟੀਮ ਦੇ ਮੈਂਬਰ ਵੀ ਹਨ। ਵਫ਼ਦ ਵੱਲੋਂ 2 ਤੋਂ 3 ਦਸੰਬਰ ਨੂੰ ਟੋਕੀਓ, 4 ਤੋਂ 5 ਦਸੰਬਰ ਨੂੰ ਓਸਾਕਾ ਅਤੇ 8 ਤੋਂ 9 ਦਸੰਬਰ ਨੂੰ ਸਿਓਲ ਦਾ ਦੌਰਾ ਕੀਤਾ ਜਾਵੇਗਾ। ਮੁੱਖ ਮੰਤਰੀ ਦੀ ਅਗਵਾਈ ਹੇਠ ਗਏ ਵਫ਼ਦ ਵੱਲੋਂ ਅਗਲੇ ਸਾਲ 13 ਤੋਂ 15 ਮਾਰਚ ਤੱਕ ਇੰਡੀਅਨ ਸਕੂਲ ਆਫ ਬਿਜ਼ਨਸ (ਆਈ ਐੱਸ ਬੀ) ਮੁਹਾਲੀ ਦੇ ਕੈਂਪਸ ਵਿੱਚ ਹੋਣ



ਵਾਲੇ 6ਵੇਂ ਪ੍ਰਗਤੀਸ਼ੀਲ ਪੰਜਾਬ ਨਿਵੇਸ਼ ਸੰਮੇਲਨ ਲਈ ਵੱਡੀਆਂ ਕੰਪਨੀਆਂ ਨੂੰ ਸੱਦਾ ਵੀ ਦਿੱਤਾ ਜਾਵੇਗਾ।

## ਭਾਰਤੀ ਰੁਪਿਆ ਰਿਕਾਰਡ ਹੇਠਲੇ ਪੱਧਰ ’ਤੇ ਪੁੱਜਿਆ

### ਮਨਮੋਹਨ ਸਿੰਘ ਦੀ ਸਰਕਾਰ ਸਮੇਂ ਮੌਜ਼ੂਦਾ ਪ੍ਰਧਾਨ ਮੰਤਰੀ ਨੇ ਕੁੱਝ ਇਸ ਤਰਾਂ ਦੇ ਸ਼ਬਦ ਕਹੇ ਸਨ, ਜਿਸ ਦੇਸ਼ ਦੀ ਸਰਕਾਰ ਗਿਰੀ ਹੋਈ ਹੋਤੀ ਹੈ, ਉਸ ਦੇਸ਼ ਕੀ ਰੁਪਈਆ ਗਿਰਦਾ ਹੈ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਦਸੰਬਰ INTERNATIONAL PAPER, 94636 01616 hardipchumber57@gmail.com

ਭਾਰਤੀ ਰੁਪਿਆ ਅੱਜ 42 ਪੈਸੇ ਦੀ ਗਿਰਾਵਟ ਨਾਲ 89.95 (ਆਰਜ਼ੀ) ਰੁਪਏ ਪ੍ਰਤੀ ਡਾਲਰ ਦੇ ਆਪਣੇ ਨਵੇਂ ਸਭ ਤੋਂ ਹੇਠਲੇ ਪੱਧਰ ’ਤੇ ਬੰਦ ਹੋਇਆ। ਰੁਪਏ ਦੀ ਇਹ ਕੀਮਤ ਅਸਥਿਰ ਰਾਜਸੀ ਸਥਿਤੀ ਦਰਮਿਆਨ ਘਰੇਲੂ ਸ਼ੇਅਰ ਬਾਜ਼ਾਰਾਂ ’ਚ ਭਾਰੀ ਵੇਚ-ਵੱਟ ਅਤੇ ਕੱਚੇ ਤੇਲ ਦੀਆਂ ਕੀਮਤਾਂ ’ਚ ਉਛਾਲ ਨਾਲ ਪ੍ਰਭਾਵਿਤ ਹੋਈ ਹੈ। ਦੂਜੇ ਪਾਸੇ ਅਮਰੀਕੀ ਡਾਲਰ ਦਿਨ ਵੇਲੇ 90 ਰੁਪਏ ਤੱਕ ਆ ਗਿਆ ਸੀ। ਫਾਰੈਕਸ ਟਰੇਡਰਜ਼ ਨੇ ਕਿਹਾ ਕਿ ਦੇਸ਼ ਵਿਚੋਂ ਵਿਦੇਸ਼ੀ ਫੰਡ ਜਾਣ ਤੇ ਭਾਰਤ-ਅਮਰੀਕਾ ਦਰਮਿਆਨ ਵਪਾਰ ਨੂੰ ਲੈ ਕੇ ਅਨਿਸਚਿਤਤਾ ਵਾਲਾ ਮਾਹੌਲ ਬਣਿਆ ਹੋਇਆ ਹੈ। ਇਸ ਕਾਰਨ ਹੀ ਅੱਜ ਭਾਰਤੀ ਬਾਜ਼ਾਰਾਂ ਵਿਚ ਵੀ ਨਾਂਹਪੱਖੀ ਰੁਝਾਨ ਰਿਹਾ ਜਿਸ ਕਾਰਨ ਸੈਂਸੈਕਸ ਤੇ ਨਿਫਟੀ ਵਿਚ ਭਾਰੀ ਗਿਰਾਵਟ ਦਰਜ ਕੀਤੀ ਗਈ। -ਪੀਟੀਆਈ

## ਚੰਡੀਗੜ੍ਹ ’ਚ ਨਹੀਂ ਬਣੇਗੀ ਹਰਿਆਣਾ ਦੀ ਵੱਖਰੀ ਵਿਧਾਨ ਸਭਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਦਸੰਬਰ INTERNATIONAL PAPER, 94636 01616 hardipchumber57@gmail.com

ਕੇਂਦਰ ਸਰਕਾਰ ਵੱਲੋਂ ਵਾਰ-ਵਾਰ ਪੰਜਾਬ ਦੇ ਅਧਿਕਾਰਾਂ ਨੂੰ ਖੋਰਾ ਲਾਉਣ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦਾ ਸੂਬੇ ਦੇ ਲੋਕਾਂ ਵੱਲੋਂ ਵੱਡੇ ਪੱਧਰ ’ਤੇ ਕੀਤਾ ਜਾ ਰਿਹਾ ਵਿਰੋਧ ਰੰਗ ਲਿਆਇਆ ਹੈ। ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬੀਆਂ ਦੇ ਵਧਦੇ ਰੋਹ ਨੂੰ ਵੇਖਦਿਆਂ ਕੇਂਦਰੀ ਗ੍ਰਹਿ ਮੰਤਰਾਲੇ ਨੇ ਹਰਿਆਣਾ ਸਰਕਾਰ ਦੀ ਚੰਡੀਗੜ੍ਹ ਵਿੱਚ ਵੱਖਰੀ ਵਿਧਾਨ ਸਭਾ ਦੀ ਇਮਾਰਤ ਉਸਾਰਨ ਦੀ ਮੰਗ ਰੱਦ ਕਰ ਦਿੱਤੀ ਹੈ। ਇਸ ਫ਼ੈਸਲੇ ਤੋਂ ਬਾਅਦ ਹੁਣ ਇਹ ਸਪੱਸ਼ਟ ਹੋ ਗਿਆ ਹੈ ਕਿ ਚੰਡੀਗੜ੍ਹ ਵਿੱਚ ਹਰਿਆਣਾ ਵਿਧਾਨ ਸਭਾ ਦੀ ਵੱਖਰੀ ਇਮਾਰਤ ਦੀ ਉਸਾਰੀ ਨਹੀਂ ਹੋਵੇਗੀ।

ਸੂਤਰਾਂ ਅਨੁਸਾਰ ਹਰਿਆਣਾ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਨੇ ਹਾਲ ਹੀ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅੱਗੇ ਚੰਡੀਗੜ੍ਹ ਵਿੱਚ ਹਰਿਆਣਾ ਦੀ ਵੱਖਰੀ ਵਿਧਾਨ ਸਭਾ ਲਈ ਇਮਾਰਤ ਬਣਾਉਣ ਦਾ ਮੁੱਦਾ ਜ਼ੋਰ ਨਾਲ ਚੁੱਕਿਆ ਸੀ। ਇਸ ’ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਹਰਿਆਣਾ ਸਰਕਾਰ ਨੂੰ ਵੱਖਰੀ ਵਿਧਾਨ ਸਭਾ ਦਾ ਮੁੱਦਾ ਚੰਡੀਗੜ੍ਹ ਪ੍ਰਸ਼ਾਸਨ ਕੋਲ ਨਾ ਚੁੱਕਣ ਦੇ ਸਖ਼ਤ ਨਿਰਦੇਸ਼ ਦਿੱਤੇ ਹਨ। ਹਾਲਾਂਕਿ ਚੰਡੀਗੜ੍ਹ ਪ੍ਰਸ਼ਾਸਨ ਨੇ ਪਹਿਲਾਂ ਹੀ ਯੂ ਟੀ ਮਾਸਟਰ ਪਲਾਨ-2031 ਵਿੱਚ ਅਜਿਹੀ ਕੋਈ ਵਿਵਸਥਾ ਨਾ ਹੋਣ ਦਾ ਹਵਾਲਾ ਦਿੰਦਿਆਂ ਹਰਿਆਣਾ ਵਿਧਾਨ ਸਭਾ ਦੀ ਨਵੀਂ ਇਮਾਰਤ ਲਈ ਜ਼ਮੀਨ ਦੀ ਅਦਲਾ-ਬਦਲੀ ਦੇ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਸੀ।

ਹਰਿਆਣਾ ਵਿੱਚ ਨਵੀਂ ਹੱਦਬੰਦੀ ਕਾਰਨ ਵਿਧਾਨ ਸਭਾ ਹਲਕਿਆਂ ਦੀ ਗਿਣਤੀ 90 ਤੋਂ ਵੱਧ ਕੇ 126 ਹੋਣ ਦਾ ਅਨੁਮਾਨ ਹੈ, ਜਿਸ ਕਾਰਨ ਮੌਜੂਦਾ ਵਿਧਾਨ ਸਭਾ ਭਵਨ ਵਿੱਚ ਥਾਂ ਦੀ ਘਾਟ ਦਾ ਮਸਲਾ ਸਾਹਮਣੇ ਆ ਸਕਦਾ ਹੈ। ਇਸੇ ਨੂੰ ਮੁੱਖ ਰੱਖਦਿਆਂ ਵਿਧਾਨ ਸਭਾ ਦੇ ਸਾਬਕਾ ਸਪੀਕਰ ਗਿਆਨ ਚੰਦ ਗੁਪਤਾ ਨੇ ਸਾਲ 2022 ਦੇ ਸ਼ੁਰੂ ਵਿੱਚ ਪੰਜਾਬ ਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਵਿੱਚ ਹਰਿਆਣਾ ਦੀ ਵੱਖਰੀ ਵਿਧਾਨ ਸਭਾ ਬਣਾਉਣ ਲਈ ਜ਼ਮੀਨ ਅਲਾਟ ਕਰਨ ਦੀ ਮੰਗ ਕੀਤੀ ਸੀ।

# ਪਤਨੀਆਂ ਹੱਥੋਂ ਧੋਖੇ ਦਾ ਸ਼ਿਕਾਰ ਹੋਏ ਨੌਜਵਾਨਾਂ ਨੂੰ ਇਨਸਾਫ਼ ਦਿਵਾਉਣ ਲਈ ਗੁਰਜੀਤ ਸਿੰਘ ਨੇ ਬਣਾਈ 'ਇਨਸਾਫ਼ ਦੀ ਮੰਗ ਕਮੇਟੀ'

## ਸੈਮੀਨਾਰ ਲਗਾ ਕੇ ਧੋਖੇ ਦਾ ਸ਼ਿਕਾਰ ਹੋਏ ਨੌਜਵਾਨਾਂ ਦੀ ਕੀਤੀ ਜਾ ਰਹੀ ਹੈ ਮਦਦ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਦਸੰਬਰ
INTERNATIONAL PAPER, 9463601616
hardipchumber57@gmail.com



ਰਾਜਪੁਰਾ : ਲੱਖਾਂ ਰੁਪਏ ਖਰਚ ਕੇ ਵਿਦੇਸ਼ ਭੇਜੀਆਂ ਪਤਨੀਆਂ ਦੇ ਹੱਥੋਂ ਸ਼ਿਕਾਰ ਵਿਅਕਤੀਆਂ ਵੱਲੋਂ ਤਿੰਨ-ਚਾਰ ਮਹੀਨੇ ਪਹਿਲਾਂ 'ਇਨਸਾਫ਼ ਦੀ ਮੰਗ' ਨਾਂ ਦੀ ਕਮੇਟੀ ਬਣਾਈ ਗਈ। ਕਮੇਟੀ ਬਣਾਉਣ ਵਾਲੇ ਗੁਰਜੀਤ ਸਿੰਘ ਨੇ ਦੱਸਿਆ ਕਿ ਮੈਂ ਖੁਦ ਆਪਣੀ ਪਤਨੀ ਨੂੰ ਵਿਦੇਸ਼ ਭੇਜ ਕੇ ਠੱਗੀ ਦਾ ਸ਼ਿਕਾਰ ਹੋ ਚੁੱਕਿਆਂ ਹਾਂ,ਉਸ ਤੋਂ ਬਾਅਦ ਹੀ ਮੈਂ ਇਹ ਕਮੇਟੀ ਬਣਾਉਣ ਦਾ ਫ਼ੈਸਲਾ ਕੀਤਾ। ਗੁਰਜੀਤ ਸਿੰਘ ਨੇ ਦੱਸਿਆ ਕਿ ਮੈਂ ਖੁਦ ਆਪਣੀ ਪਤਨੀ ਨੂੰ 45 ਲੱਖ ਰੁਪਏ ਖਰਚ ਕਰਕੇ ਵਿਦੇਸ਼ ਭੇਜਿਆ ਸੀ ਅਤੇ ਉਹ ਹੁਣ ਮੇਰੇ ਨਾਲੋਂ ਨਾਤਾ ਤੋੜ ਚੁੱਕੀ ਹੈ। ਮੈਂ ਕਾਫ਼ੀ ਸਮੇਂ ਡਿਪਰੈਸ਼ਨ ਵਿਚ ਰਿਹਾ ਉਸ ਤੋਂ ਬਾਅਦ ਮੈਂ ਫ਼ੈਸਲਾ ਕੀਤਾ ਇਨ੍ਹਾਂ ਧੋਖਾ ਦੇਣ ਵਾਲੀਆਂ ਪਤਨੀਆਂ ਦੇ ਚਿਹਰੇ ਬੇਨਕਾਬ ਕੀਤੇ ਜਾਣ ਤਾਂ ਜੋ ਵਿਦੇਸ਼ਾਂ 'ਚ ਬੈਠੇ ਲੋਕਾਂ ਨੂੰ ਪਤਾ ਲੱਗ ਸਕੇਗੀ ਕਿ ਇਹ ਪੰਜਾਬ ਰਹਿੰਦੇ ਆਪਣੇ ਪਰਿਵਾਰਾਂ ਨੂੰ ਧੋਖਾ ਦੇ ਕੇ ਇਥੇ ਆਈਆਂ ਹਨ । ਹੁਣ ਅਸੀਂ ਧੋਖੇ ਦਾ ਸ਼ਿਕਾਰ ਵਿਅਕਤੀਆਂ ਦੀ ਕੇਸ ਦਰਜ ਕਰਨ, ਐਫ.ਆਈ.ਆਰ. ਦਰਜ ਕਰਨ ਅਤੇ ਕਾਨੂੰਨੀ ਰਸਤਾ ਅਪਨਾਉਣ ਵਿਚ ਮਦਦ ਕਰਦੇ ਹਾਂ ਤਾਂ ਜੋ ਅੱਗੇ ਧੋਖਾ ਦਾ ਸ਼ਿਕਾਰ ਹੋਣ ਤੋਂ ਲੋਕਾਂ ਨੂੰ ਬਚਾਇਆ ਜਾ ਸਕੇ।

ਗੁਰਜੀਤ ਸਿੰਘ ਨੇ ਦੱਸਿਆ ਕਿ ਸਾਡੇ ਵੱਲੋਂ ਬਣਾਈ ਕਮੇਟੀ ਨੇ ਪਹਿਲਾ ਇਕੱਠ ਬਾਘਾ ਪੁਰਾਣਾ ਵਿਖੇ ਕੀਤਾ ਜਿੱਥੇ ਧੋਖੇ ਦਾ ਸ਼ਿਕਾਰ ਹੋਏ 70 ਪਰਿਵਾਰਾਂ ਵੱਲੋਂ ਸ਼ਿਕਾਇਤ ਦਰਜ ਕਰਵਾਈ ਗਈ। ਦੂਜਾ ਇਕੱਠ ਅਸੀਂ ਲੁਧਿਆਣਾ 'ਚ ਰੱਖਿਆ ਜਿੱਥੇ ਵੀ ਬਹੁਤ ਗਿਣਤੀ 'ਚ ਪਰਿਵਾਰ ਸ਼ਾਮਲ ਹੋਏ। ਤੀਜਾ ਇਕੱਠ ਅਸੀਂ ਰਾਜਪੁਰਾ 'ਚ ਕੀਤਾ ਜਿੱਥੇ 200 ਪੀੜਤ ਪਰਿਵਾਰ ਸ਼ਾਮਲ ਹੋਏ।

ਵਿਦੇਸ਼ ਗਈ ਪਤਨੀ ਹੱਥੋਂ ਬਰਬਾਦ ਹੋਏ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਖਨੌੜਾ ਦੇ ਰਾਜਵੀਰ ਨੇ ਭਰੇ ਮਨ ਨਾਲ ਆਪਣੀ ਵਿੱਥਿਆ ਸੁਣਾਈ। ਉਨ੍ਹਾਂ ਦੱਸਿਆ ਕਿ ਮੈਂ 9 ਸਾਲ ਦੁਬਈ ਵਿਚ ਕੰਮ ਕੀਤਾ ਅਤੇ ਉਥੇ ਰਹਿ ਕੇ ਮੈਂ ਜੋ ਵੀ ਕਮਾਈ ਕੀਤੀ ਸੀ ਉਹ ਸਾਰੀ ਕਮਾਈ ਆਪਣੀ ਪਤਨੀ ਨੂੰ ਵਿਦੇਸ਼ ਭੇਜਣ 'ਤੇ ਖਰਚ ਕਰ ਦਿੱਤੀ ਅਤੇ ਹੁਣ ਮੈਂ ਬਿਲਕੁਲ ਖਾਲੀ ਹੋ ਕੇ ਬੈਠਿਆ ਹਾਂ। ਰਾਜਵੀਰ ਨੇ ਦੱਸਿਆ ਕਿ ਮੈਂ ਆਪਣੀ ਪਤਨੀ ਨੂੰ ਵਿਦੇਸ਼ ਭੇਜਣ ਦੇ ਬਿਲਕੁਲ ਵੀ ਹੱਕ ਵਿਚ ਨਹੀਂ ਸੀ, ਪਰ ਮੇਰੇ ਸਹੁਰੇ ਪਰਿਵਾਰ ਦੇ ਕਹਿਣ 'ਤੇ 35 ਲੱਖ ਰੁਪਏ ਖਰਚ ਕੇ ਮੈਂ ਆਪਣੀ ਪਤਨੀ ਨੂੰ ਵਿਦੇਸ਼ ਭੇਜ ਦਿੱਤਾ। ਵਿਦੇਸ਼ ਭੇਜੇ ਜਾਣ ਤੋਂ ਬਾਅਦ ਇਕ ਸਾਲ ਤੱਕ ਤਾਂ ਸਭ ਕੁੱਝ ਠੀਕ ਚਲਦਾ ਰਿਹਾ ਅਤੇ ਉਸ ਨੇ ਇਕ-ਦੋ ਵਾਰ ਪੈਸੇ ਵੀ ਭੇਜੇ । ਪਰ ਹੌਲੀ-ਹੌਲੀ ਮੇਰੀ ਪਤਨੀ ਨੇ ਮੇਰੇ ਕੋਲੋਂ ਅਤੇ ਮੇਰੇ ਬੱਚਿਆਂ ਕੋਲੋਂ ਦੂਰੀ ਬਣਾਉਣੀ ਸ਼ੁਰੂ ਕਰ ਦਿੱਤੀ। ਹੁਣ 6-7 ਮਹੀਨੇ ਹੋ ਚੁੱਕੇ ਹਨ ਮੇਰੀ ਪਤਨੀ ਨਾਲ ਗੱਲ ਨਹੀਂ ਹੋਈ, ਉਹ ਆਪਣੇ ਬੱਚੇ ਨਾਲ ਵੀ ਗੱਲ ਨਹੀਂ ਕਰਦੀ। ਇਸ ਸਭ ਤੋਂ ਬਾਅਦ ਮੈਂ ਆਪਣੇ ਬੱਚਿਆਂ ਨੂੰ ਲੈ ਕੇ ਇਕ ਦਿਨ ਸਹੁਰੇ ਗਿਆ ਅਤੇ ਮੈਂ ਆਪਣੇ ਸਹੁਰੇ ਨੂੰ ਕਿਹਾ ਕਿ ਮੇਰੀ ਪਤਨੀ ਨੂੰ ਤੁਸੀਂ ਵਾਪਸ ਬੁਲਾ ਦਿਓ, ਪਰ ਉਨ੍ਹਾਂ ਅੱਗੋਂ ਕਿਹਾ ਕਿ ਉਹ ਵਾਪਸ ਨਹੀਂ ਆ ਸਕਦੀ । ਜਿਸ ਤੋਂ ਬਾਅਦ ਮੈਂ ਪਤਨੀ ਅਤੇ ਸਹੁਰਾ ਪਰਿਵਾਰ ਖ਼ਿਲਾਫ਼ ਮਾਮਲਾ ਦਰਜ ਕਰਵਾਇਆ ਹੈ। ਮੈਂ ਹੁਣ ਵੀ ਮੀਡੀਆ ਰਾਹੀਂ ਆਪਣੀ ਪਤਨੀ ਨੂੰ ਅਪੀਲ ਕਰਦਾ ਹਾਂ ਕਿ ਉਹ ਵਾਪਸ ਆ ਜਾਵੇ ਅਤੇ ਮੈਂ ਸਾਰੇ ਕੇਸ ਵਾਪਸ ਲੈ ਲਵਾਂਗਾ ਅਤੇ ਮੈਂ ਔਖਾ-ਸੌਖਾ ਹੋ ਕੇ ਆਪਣੇ ਬੱਚਿਆਂ ਨਾਲ ਗੁਜ਼ਾਰਾ ਕਰ ਲਵਾਂਗੇ। ਮੇਰੇ ਕੋਲੋਂ ਇਕ ਗਲਤੀ ਜ਼ਰੂਰ ਹੋਈ ਹੈ ਜਦੋਂ ਮੈਂ ਆਪਣੀ ਪਤਨੀ ਨੂੰ ਵਿਦੇਸ਼ ਭੇਜਿਆ ਸੀ, ਉਸ ਸਮੇਂ ਮੇਰੇ ਸਹੁਰਾ ਪਰਿਵਾਰ ਨੇ ਖਾਲੀ ਕਾਗਜ਼ਾਂ 'ਤੇ ਦਸਤਖ਼ਤ ਕਰਵਾਏ ਸਨ । ਮੈਨੂੰ ਸ਼ੱਕ ਹੈ ਕਿਤੇ ਮੇਰੇ ਸਹੁਰਾ ਪਰਿਵਾਰ ਨੇ ਮੇਰੀ ਪਤਨੀ 'ਤੇ ਦਬਾਅ ਪਾ ਕੇ ਕਿਤੇ ਵਿਦੇਸ਼ ਵਿਚ ਮੇਰੇ ਨਾਲੋਂ ਤਲਾਕ ਨਾ ਕਰਵਾ ਦਿੱਤਾ ਹੋਵੇ।

ਇਸੇ ਤਰ੍ਹਾਂ ਆਪਣੀ ਨੂੰਹ ਤੋਂ ਪ੍ਰੇਸ਼ਾਨ ਹੋਈ ਹਰਮੀਤ ਕੌਰ ਨੇ ਦੱਸਿਆ ਕਿ ਅਸੀਂ ਲੱਖਾਂ ਰੁਪਏ ਖਰਚ ਕੇ ਆਪਣੀ ਨੂੰਹ ਕਰਮਜੀਤ ਕੌਰ ਨੂੰ ਵਿਦੇਸ਼ ਭੇਜਿਆ ਸੀ। ਪਰ ਕੈਨੇਡਾ ਪਹੁੰਚੀ ਨੂੰਹ ਨੇ ਹੌਲੀ-ਹੌਲੀ ਸਾਡੇ ਤੋਂ ਪਾਸਾ ਵੱਟਣਾ ਸ਼ੁਰੂ ਕਰ ਦਿੱਤਾ। ਹਰਮੀਤ ਕੌਰ ਨੇ ਦੱਸਿਆ ਕਿ ਜਦੋਂ ਮੇਰੇ ਬੇਟੇ ਮਨਿੰਦਰਜੀਤ ਸਿੰਘ ਨੇ ਛੇ ਮਹੀਨੇ ਮਗਰੋਂ ਜਦੋਂ ਆਪਣੀ ਪਤਨੀ ਨੂੰ ਕਿਹਾ ਕਿ ਹੁਣ ਮੈਨੂੰ ਵੀ ਬਾਹਰ ਬੁਲਾ ਲੈ ਤਾਂ ਉਸ ਨੇ ਅੱਗੋਂ ਕਿਹਾ ਕਿ ਮੈਂ ਪਹਿਲਾਂ ਆਪਣੇ ਭਰਾ ਨੂੰ ਬੁਲਾਵਾਂਗੀ। ਇਸ ਤੋਂ ਬਾਅਦ ਮੇਰਾ ਬੇਟਾ ਕੈਨੇਡਾ ਚਲਾ ਗਿਆ, ਜਦੋਂ ਮੇਰਾ ਬੇਟਾ ਕੈਨੇਡਾ ਪਹੁੰਚਿਆ ਤਾਂ ਉਸ ਦੀ ਪਤਨੀ ਉਸ ਨੂੰ ਏਅਰਪੋਰਟ 'ਤੇ ਲੈਣ ਤੱਕ ਨਹੀਂ ਆਈ। ਮੇਰਾ ਮੁੰਡਾ ਉਥੇ ਇਕੱਲਾ ਰਹਿੰਦਾ ਰਿਹਾ ਅਤੇ ਉਸ ਦੀ ਪਤਨੀ ਨੇ ਉਸ ਨੂੰ ਆਪਣੇ ਨਾਲ ਨਾ ਰੱਖਿਆ, ਜਿਸ ਕਾਰਨ ਮੇਰਾ ਬੇਟਾ ਮਨਿੰਦਰਜੀਤ ਸਿੰਘ ਡਿਪਰੈਸ਼ਨ 'ਚ ਚਲਾ ਗਿਆ ਅਤੇ ਉਸ ਦੀ ਕੈਨੇਡਾ ਵਿਚ ਹੀ ਮੌਤ ਹੋ ਗਈ। ਅਸੀਂ ਆਪਣੇ ਪੱਲਿਓਂ ਪੈਸੇ ਖਰਚੇ ਆਪਣੇ ਪੁੱਤਰ ਦੀ ਮ੍ਰਿਤਕ ਦੇਹ ਭਾਰਤ ਮੰਗਵਾਈ ਅਤੇ ਉਸ ਦਾ ਸੰਸਕਾਰ ਕੀਤਾ। ਅਸੀਂ ਆਪਣੀ ਸਾਰੀ ਜ਼ਮੀਨ ਵੇਚ ਕੇ ਪਹਿਲਾਂ 26 ਲੱਖ ਰੁਪਏ ਖਰਚ ਕੇ ਆਪਣੀ ਨੂੰਹ ਨੂੰ ਕੈਨੇਡਾ ਭੇਜਿਆ, ਫਿਰ ਅਸੀਂ ਆਪਣੇ ਪੁੱਤਰ ਨੂੰ 15 ਲੱਖ ਰੁਪਏ ਖਰਚ ਕੇ ਕੈਨੇਡਾ ਭੇਜਿਆ ਸੀ ਅਤੇ ਅਸੀਂ ਹੁਣ ਬਿਲਕੁਲ ਬਰਬਾਦ ਹੋ ਚੁੱਕੇ ਹਾਂ। ਅਸੀਂ ਇਹੀ ਮੰਗ ਕਰਦੇ ਹਾਂ ਜਿੱਥੇ ਵੀ ਕਰਮਜੀਤ ਕੌਰ ਉਸ ਡਿਪੋਰਟ ਕਰਕੇ ਇੰਡੀਆ ਭੇਜਿਆ ਜਾਵੇ।

# 3.4 ਕਰੋੜ ਰੁਪਏ ਦਾਨ ਕਰ ਕੇ ਓਡੀਸ਼ਾ ਦੇ ਸੇਵਾਮੁਕਤ ਮਹਿਲਾ ਡਾਕਟਰ ਮਨਾਉਣਗੇ 100ਵਾਂ ਜਨਮ ਦਿਨ

## ਬ੍ਰਹਮਪੁਰ ਜ਼ਿਲ੍ਹੇ ਦੀ ਡਾ. ਕੇ. ਲਕਸ਼ਮੀ ਬਾਈ 1986 ਵਿੱਚ ਹੋਈ ਸੀ ਸੇਵਾਮੁਕਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਦਸੰਬਰ
INTERNATIONAL PAPER, 9463601616
hardipchumber57@gmail.com




ਬ੍ਰਹਮਪੁਰ (ਓਡੀਸ਼ਾ): ਓਡੀਸ਼ਾ ਦੀ ਮਸ਼ਹੂਰ ਡਾਕਟਰ ਕੇ. ਲਕਸ਼ਮੀ ਬਾਈ ਨੇ ਆਪਣੇ 100ਵੇਂ ਜਨਮਦਿਨ ਤੋਂ ਕੁਝ ਦਿਨ ਪਹਿਲਾਂ, ਔਰਤਾਂ ਦੇ ਕੈਂਸਰ ਦੇ ਇਲਾਜ ਲਈ ਆਪਣੀ 3.4 ਕਰੋੜ ਰੁਪਏ ਦੀ ਬਚਤ ਏਮਜ਼ ਭੁਵਨੇਸ਼ਵਰ ਨੂੰ ਦਾਨ ਕੀਤੀ ਹੈ। ਡਾ. ਬਾਈ, ਜੋ 5 ਦਸੰਬਰ ਨੂੰ 100 ਸਾਲ ਦੀ ਹੋਣ ਜਾ ਰਹੀ ਹੈ, ਬ੍ਰਹਮਪੁਰ ਦੇ ਐਮਕੇਸੀਜੀ ਮੈਡੀਕਲ ਕਾਲਜ ਵਿੱਚ ਪ੍ਰਸੂਤੀ ਅਤੇ ਗਾਇਨੀਕੋਲੋਜੀ ਵਿਭਾਗ ਵਿੱਚ ਪ੍ਰੋਫੈਸਰ ਸੀ ਅਤੇ 1986 ਵਿੱਚ ਸੇਵਾਮੁਕਤ ਹੋਈ ਸੀ। ਗਾਇਨੀਕੋਲੋਜਿਸਟ ਡਾ. ਬਾਈ ਨੇ ਕਿਹਾ ਕਿ ਉਸਨੇ ਬਹੁਤ ਸਾਰੀਆਂ ਗਰੀਬ ਔਰਤਾਂ ਨੂੰ ਸਹੀ ਕੈਂਸਰ ਇਲਾਜ ਦੀ ਘਾਟ ਕਾਰਨ ਮਰਦੇ ਦੇਖਿਆ ਹੈ।

ਉਸਨੇ ਕਿਹਾ, "ਮੈਨੂੰ ਉਮੀਦ ਹੈ ਕਿ ਮੇਰੇ ਦੁਆਰਾ ਦਾਨ ਕੀਤੇ ਗਏ ਪੈਸੇ ਨੂੰ ਅਜਿਹੀਆਂ ਗਰੀਬ ਅਤੇ ਬੇਸਹਾਰਾ ਔਰਤਾਂ ਦੇ ਭਲੇ ਲਈ ਵਰਤਿਆ ਜਾਵੇਗਾ।" ਏਮਜ਼ ਭੁਵਨੇਸ਼ਵਰ ਦੇ ਪ੍ਰਸੂਤੀ ਅਤੇ ਗਾਇਨੀਕੋਲੋਜੀ ਵਿਭਾਗ ਦੇ ਮੁਖੀ ਡਾ. ਸੌਭਾਗਿਆ ਕੁਮਾਰ ਜੇਨਾ ਨੇ ਸ਼ੁੱਕਰਵਾਰ ਨੂੰ ਚੈੱਕ ਪ੍ਰਾਪਤ ਕਰਨ ਤੋਂ ਬਾਅਦ ਇੱਕ ਪੱਤਰ ਵਿੱਚ ਡਾ. ਲਕਸ਼ਮੀ ਬਾਈ ਦੇ ਨੇਕ ਕਦਮ ਲਈ ਆਪਣੀ "ਪ੍ਰਸ਼ੰਸਾ" ਪ੍ਰਗਟ ਕੀਤੀ। ਬ੍ਰਹਮਪੁਰ ਪ੍ਰਸੂਤੀ ਅਤੇ ਗਾਇਨੀਕੋਲੋਜੀ ਸੋਸਾਇਟੀ ਦੀ ਸਕੱਤਰ ਇੰਦਰਾ ਪਾਲ ਨੇ ਕਿਹਾ ਕਿ ਡਾ. ਬਾਈ ਨੇ ਕਿਸ਼ੋਰ ਲੜਕੀਆਂ ਵਿੱਚ ਕੈਂਸਰ ਟੀਕਾਕਰਨ ਦਾ ਸੁਝਾਅ ਵੀ ਦਿੱਤਾ। ਏਮਜ਼ ਦੇ ਡਾਕਟਰਾਂ ਦੇ ਵੀ ਉਨ੍ਹਾਂ ਦੇ ਕੁਝ ਸਾਬਕਾ ਵਿਦਿਆਰਥੀਆਂ ਦੁਆਰਾ ਆਯੋਜਿਤ ਜਨਮਦਿਨ ਸਮਾਰੋਹ ਵਿੱਚ ਸ਼ਾਮਲ ਹੋਣ ਦੀ ਉਮੀਦ ਹੈ।

5 ਦਸੰਬਰ, 1926 ਨੂੰ ਜਨਮੀ, ਡਾ. ਬਾਈ ਨੇ 1945 ਵਿੱਚ ਐਸਸੀਬੀ ਮੈਡੀਕਲ ਕਾਲਜ, ਕਟਕ ਤੋਂ ਆਪਣਾ ਡਾਕਟਰੀ ਕਰੀਅਰ ਸ਼ੁਰੂ ਕੀਤਾ ਅਤੇ 1958 ਵਿੱਚ ਮਦਰਾਸ ਮੈਡੀਕਲ ਕਾਲਜ ਤੋਂ ਆਪਣੀ ਐਮਡੀ ਦੀ ਡਿਗਰੀ ਪ੍ਰਾਪਤ ਕੀਤੀ। ਉਨ੍ਹਾਂ ਦੇ ਪਤੀ ਦੀ ਮੌਤ ਹੋ ਗਈ ਹੈ, ਅਤੇ ਉਨ੍ਹਾਂ ਦੇ ਕੋਈ ਬੱਚੇ ਨਹੀਂ ਹਨ।

# Deputy Commissioners ਨੂੰ ਧਾਰਾ 144 ਲਗਾਉਂਦੇ ਸਮੇਂ ਕਰਨੀ ਚਾਹੀਦੀ ਹੈ ਕਾਨੂੰਨ ਦੀ ਪਾਲਣਾ : ਹਾਈ ਕੋਰਟ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਦਸੰਬਰ
INTERNATIONAL PAPER, 9463601616
hardipchumber57@gmail.com




ਚੰਡੀਗੜ੍ਹ : ਪੰਜਾਬ ਦੇ ਵੱਖ-ਵੱਖ ਡਿਪਟੀ ਕਮਿਸ਼ਨਰਾਂ ਵੱਲੋਂ ਆਈ.ਪੀ.ਸੀ. ਦੀ ਧਾਰਾ 144 ਅਤੇ ਭਾਰਤੀ ਦੰਡਾਵਲੀ ਦੀ ਧਾਰਾ 163 ਦੀ ਮਨਮਾਨੀ ਵਰਤੋਂ ਦੇ ਦੋਸ਼ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਜਨਹਿੱਤ ਪਟੀਸ਼ਨ ਦਾਇਰ ਕੀਤੀ ਗਈ ਸੀ । ਪਟੀਸ਼ਨ ਦਾ ਨਿਪਟਾਰਾ ਕਰਦੇ ਹੋਏ ਹਾਈ ਕੋਰਟ ਨੇ ਨਿਰਦੇਸ਼ ਦਿੱਤਾ ਕਿ ਇਨ੍ਹਾਂ ਵਿਵਸਥਾਵਾਂ ਨੂੰ ਕਾਨੂੰਨ ਅਨੁਸਾਰ ਲਾਗੂ ਕੀਤਾ ਜਾਵੇ ਅਤੇ ਇਸ ਦੀ ਵਰਤੋਂ ਦਾ ਕਾਰਨ ਹੁਕਮ ਵਿੱਚ ਦਰਜ ਕੀਤਾ ਜਾਵੇ।

ਪਟੀਸ਼ਨ ਕਰਤਾ ਬਠਿੰਡਾ ਨਿਵਾਸੀ ਹਰਮਿਲਾਪ ਸਿੰਘ ਗਰੇਵਾਲ ਨੇ ਹਾਈ ਕੋਰਟ ਨੂੰ ਦੱਸਿਆ ਕਿ ਕਾਨੂੰਨ ਲਾਗੂ ਕਰਨ ਅਤੇ ਹੋਰ ਪ੍ਰਸ਼ਾਸਕੀ ਉਦੇਸ਼ਾਂ ਲਈ ਜ਼ਿਲ੍ਹਾ ਡਿਪਟੀ ਕਮਿਸ਼ਨਰਾਂ ਨੂੰ ਆਈ.ਪੀ.ਸੀ. ਦੀ ਧਾਰਾ 144 ਲਗਾਉਣ ਦਾ ਅਧਿਕਾਰ ਦਿੱਤਾ ਗਿਆ ਹੈ। ਹੁਣ ਬੀ.ਐਨ.ਐਸ. ਦੀ ਧਾਰਾ 163 ਇਹ ਹੁਕਮ ਚਾਰ ਜਾਂ ਵੱਧ ਲੋਕਾਂ ਨਾਲ ਇਕੱਠੇ ਹੋਣ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਦੀ ਵਿਵਸਥਾ ਕਰਦਾ ਹੈ । ਪਟੀਸ਼ਨਕਰਤਾ ਨੇ ਦਲੀਲ ਦਿੱਤੀ ਕਿ ਇਸ ਸ਼ਕਤੀ ਦੀ ਵਰਤੋਂ ਖਾਸ ਹਾਲਾਤਾਂ ਵਿੱਚ ਕੀਤੀ ਜਾਣੀ ਚਾਹੀਦੀ ਹੈ, ਪਰ ਪੰਜਾਬ ਵਿੱਚ ਜ਼ਿਲ੍ਹਾ ਮੈਜਿਸਟ੍ਰੇਟ (ਡੀਸੀ) ਇਸ ਨੂੰ ਮਨਮਾਨੇ ਢੰਗ ਨਾਲ ਲਾਗੂ ਕਰ ਰਹੇ ਹਨ । ਕਈ ਜ਼ਿਲ੍ਹਿਆਂ ਵਿੱਚ ਪਿਛਲੇ ਦੋ ਸਾਲਾਂ ਤੋਂ ਧਾਰਾ 144 ਲਗਾਤਾਰ ਲਾਗੂ ਕੀਤੀ ਜਾ ਰਹੀ ਹੈ। ਪਟੀਸ਼ਨਕਰਤਾ ਨੇ ਦਲੀਲ ਦਿੱਤੀ ਕਿ ਇਸ ਧਾਰਾ ਦੀ ਇਹ ਲਗਾਤਾਰ ਵਰਤੋਂ ਬੇਕਸੂਰ ਲੋਕਾਂ ਦੇ ਅਪਰਾਧਿਕ ਮਾਮਲਿਆਂ ਵਿੱਚ ਫਸਣ ਦੀ ਸੰਭਾਵਨਾ ਨੂੰ ਵਧਾਉਂਦੀ ਹੈ । ਡੀ.ਸੀ. ਕੋਲ ਇਸ ਨੂੰ ਦੋ ਮਹੀਨਿਆਂ ਲਈ ਲਾਗੂ ਕਰਨ ਦੀ ਸ਼ਕਤੀ ਹੈ, ਜਿਸ ਨੂੰ ਛੇ ਮਹੀਨਿਆਂ ਤੱਕ ਵਧਾਇਆ ਜਾ ਸਕਦਾ ਹੈ, ਪਰ ਕਾਰਨ ਦਰਜ ਕੀਤੇ ਜਾਣੇ ਚਾਹੀਦੇ ਹਨ । ਪੰਜਾਬ ਵਿੱਚ ਇਹ ਬਿਨਾਂ ਕਿਸੇ ਕਾਰਨ ਦਰਜ ਕੀਤੇ ਮਹੀਨਿਆਂ ਲਈ ਲਾਗੂ ਕੀਤਾ ਗਿਆ ਹੈ। ਹਾਈ ਕੋਰਟ ਨੇ ਪਟੀਸ਼ਨਕਰਤਾ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ।

# ਅਸਲਾ ਚੁੱਕਣ/ਕੈਰੀ ਕਰਨ ਅਤੇ ਤੇਜਧਾਰ ਹਥਿਆਰ ਲੈ ਕੇ ਚੱਲਣ ਤੇ ਪੂਰਨ ਤੌਰ 'ਤੇ ਪਾਬੰਦੀ ਦੇ ਹੁਕਮ

## *ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੀਆਂ ਚੋਣਾਂ ਦੇ ਮੱਦੇਨਜ਼ਰ ਹੁਕਮ ਕੀਤਾ ਜਾਰੀ*

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਦਸੰਬਰ
INTERNATIONAL PAPER, 9463601616
hardipchumber57@gmail.com

ਰੂਪਨਗਰ, 02 ਦਸੰਬਰ: ਪੰਜਾਬ ਵਿੱਚ 14 ਦਸੰਬਰ ਨੂੰ ਹੋਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੀਆਂ ਚੋਣਾਂ ਦੇ ਮੱਦੇਨਜ਼ਰ ਜ਼ਿਲ੍ਹਾ ਮੈਜਿਸਟਰੇਟ ਰੂਪਨਗਰ ਸ਼੍ਰੀ ਵਰਜੀਤ ਵਾਲੀਆ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਤਹਿਤ ਹੁਕਮ ਜਾਰੀ ਕਰਦਿਆਂ ਜ਼ਿਲ੍ਹਾ ਰੂਪਨਗਰ ਦੀ ਹਦੂਦ ਅੰਦਰ ਅਸਲਾ ਚੁੱਕਣ/ਕੈਰੀ ਕਰਨ ਅਤੇ ਤੇਜਧਾਰ ਹਥਿਆਰ ਲੈ ਕੇ ਚੱਲਣ ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਹੈ।

ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਦੀਆਂ ਚੋਣਾਂ ਨੂੰ ਸ਼ਾਂਤੀ ਪੂਰਵਕ ਢੰਗ ਨਾਲ ਨੇਪਰੇ ਚਾੜ੍ਹਨ ਅਤੇ ਅਮਨ–ਕਾਨੂੰਨ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਲਾਇਸੰਸ ਧਾਰਕਾਂ ਨੂੰ ਆਪਣੇ ਹਥਿਆਰ ਚੁੱਕ ਕੇ ਚੱਲਣ ਤੇ ਕੈਰੀ ਕਰਨ 'ਤੇ ਮਨਾਹੀ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਇਹ ਹੁਕਮ ਆਰਮੀ ਪਰਸੋਨਲ, ਪੈਰਾ ਮਿਲਟਰੀ ਫੋਰਸੀਜ਼, ਬਾਵਰਦੀ ਅਤੇ ਪੁਲਿਸ ਕਰਮਚਾਰੀਆਂ 'ਤੇ ਲਾਗੂ ਨਹੀਂ ਹੋਵੇਗਾ।

ਇਹ ਹੁਕਮ ਚੋਣ ਪ੍ਰਕਿਰਿਆ ਮੁਕੰਮਲ ਹੋਣ ਤੱਕ ਲਾਗੂ ਰਹੇਗਾ।

# Prime Minister ਦਫ਼ਤਰ ਨੂੰ ਹੁਣ 'ਸੇਵਾ ਤੀਰਥ' ਨਾਂ ਨਾਲ ਜਾਣਿਆ ਜਾਵੇਗਾ

## ਦੇਸ਼ ਭਰ ਦੇ ਰਾਜ ਭਵਨਾਂ ਦਾ ਨਾਂ ਹੋਵੇਗਾ 'ਲੋਕ ਭਵਨ'

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਦਸੰਬਰ
INTERNATIONAL PAPER, 9463601616
hardipchumber57@gmail.com

ਨਵੀਂ ਦਿੱਲੀ : ਕੇਂਦਰ ਸਰਕਾਰ ਨੇ ਪ੍ਰਧਾਨ ਮੰਤਰੀ ਦਫ਼ਤਰ ਦਾ ਨਾਂ ਬਦਲ ਕੇ ਸੇਵਾ ਤੀਰਥ ਕਰ ਦਿੱਤਾ ਹੈ। ਦੇਸ਼ ਭਰ ਦੇ ਰਾਜ ਭਵਨ ਦਾ ਨਾਂ ਹੁਣ ਲੋਕ ਭਵਨ ਹੋਵੇਗਾ। ਇਸ ਤੋਂ ਇਲਾਵਾ ਕੇਂਦਰੀ ਸਕੱਤਰੇਤ ਨੂੰ ਕਰਤੱਵ ਭਵਨ ਦੇ ਨਾਂ ਨਾਲ ਜਾਣਿਆ ਜਾਵੇਗਾ। ਸਰਕਾਰੀ ਸੂਤਰਾਂ ਦੇ ਹਵਾਲੇ ਨਾਲ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ । ਪ੍ਰਧਾਨ ਮੰਤਰੀ ਦਫ਼ਤਰ ਦੇ ਅਧਿਕਾਰੀਆਂ ਨੇ ਕਿਹਾ ਕਿ ਸਾਰੇ ਜਨਤਕ ਸੰਸਥਾਵਾਂ ਵਿੱਚ ਵੱਡਾ ਬਦਲਾਅ ਆ ਰਿਹਾ ਹੈ। ਅਸੀਂ ਸੱਤਾ ਤੋਂ ਸੇਵਾ ਵੱਲ ਵਧ ਰਹੇ ਹਾਂ। ਇਹ ਬਦਲਾਅ ਪ੍ਰਸ਼ਾਸਨਿਕ ਨਹੀਂ, ਸਭਿਆਚਾਰਕ ਹੈ।

ਇਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਰਾਜਪਥ ਦਾ ਨਾਂ ਬਦਲ ਕੇ ਕਰਤੱਵ ਪਥ ਕੀਤਾ ਸੀ। ਪੀਐੱਮ ਦਾ ਅਧਿਕਾਰਕ ਨਿਵਾਸ ਪਹਿਲਾਂ ਰੇਸ ਕੋਰਸ ਰੋਡ ਕਿਹਾ ਜਾਂਦਾ ਸੀ, ਜਿਸ ਨੂੰ 2016 ਵਿੱਚ ਬਦਲ ਕੇ ਲੋਕ ਕਲਿਆਣ ਮਾਰਗ ਕਰ ਦਿੱਤਾ ਗਿਆ ਸੀ। ਕੇਂਦਰੀ ਗ੍ਰਹਿ ਮੰਤਰਾਲੇ ਨੇ ਪਿਛਲੇ ਸਾਲ ਰਾਜਪਾਲਾਂ ਦੇ ਸੰਮੇਲਨ ਵਿੱਚ ਹੋਈ ਇੱਕ ਚਰਚਾ ਦਾ ਹਵਾਲਾ ਦਿੰਦਿਆਂ ਕਿਹਾ ਕਿ ਰਾਜ ਭਵਨ ਨਾਂ ਗੁਲਾਮੀ ਵਾਲੀ ਮਾਨਸਿਕਤਾ ਨੂੰ ਦਰਸਾਉਂਦਾ ਹੈ। ਇਸ ਲਈ ਰਾਜਪਾਲਾਂ ਤੇ ਉਪ-ਰਾਜਪਾਲਾਂ ਦੇ ਦਫ਼ਤਰਾਂ ਨੂੰ ਹੁਣ ਲੋਕ ਭਵਨ ਤੇ ਲੋਕ ਨਿਵਾਸ ਦੇ ਨਾਂ ਨਾਲ ਜਾਣਿਆ ਜਾਵੇਗਾ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਦਸੰਬਰ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਮੈਂ ਦੇਸ਼ ਦੇ ਸਵਰਾਜ ਦਾ ਸਮਰਥਨ ਕਰਦਾ ਹਾਂ

4 ਅਕਤੂਬਰ 1930 ਨੂੰ ਡਾ: ਬਾਬਾ ਸਾਹਿਬ ਅੰਬੇਡਕਰ ਗੋਲਮੇਜ਼ ਕੌਂਸਲ ਲਈ ਇੰਗਲੈਂਡ ਜਾ ਰਹੇ ਸਨ। ਇਸੇ ਲਈ 2 ਅਕਤੂਬਰ 1930 ਨੂੰ ਸ਼ਾਮ 4 ਵਜੇ ਮੁੰਬਈ ਇਲਾਕੇ ਦੇ ਅਛੂਤ ਵਰਗ ਵੱਲੋਂ ਡਾ: ਬਾਬਾ ਸਾਹਿਬ ਅੰਬੇਡਕਰ ਨੂੰ ਸਰਟੀਫਿਕੇਟ ਅਤੇ ਬੈਗ ਭੇਟ ਕਰਨ ਦੀ ਰਸਮ ਡਾ: ਸੋਲੰਕੀ ਦੀ ਪ੍ਰਧਾਨਗੀ ਹੇਠ ਦਾਮੋਦਰ ਹਾਲ ਦੀ ਗਰਾਊਂਡ ਵਿਚ ਰੱਖੀ ਗਈ | . ਸਮਾਗਮ ਵਿੱਚ



ਛੇ ਤੋਂ ਸੱਤ ਹਜ਼ਾਰ ਦੇ ਕਰੀਬ ਲੋਕ ਹਾਜ਼ਰ ਸਨ।

ਪ੍ਰਧਾਨ ਦੇ ਸ਼ੁਰੂਆਤੀ ਭਾਸ਼ਣ ਤੋਂ ਬਾਅਦ ਸਮਾਰੋਹ ਕਮੇਟੀ ਦੇ ਜਨਰਲ ਸਕੱਤਰ ਸ਼੍ਰੀ ਸੀਤਾਰਾਮ ਨਾਮਦੇਵ ਸ਼ਿਵਤਰਕਰ ਨੇ ਸਨਮਾਨ ਪੱਤਰ ਪੜ੍ਹ ਕੇ ਸੁਣਾਇਆ। ਉਨ੍ਹਾਂ ਦੱਸਿਆ ਕਿ ਹੁਣ ਤੱਕ ਥੈਲੀ ਵਿੱਚ 3700 ਰੁਪਏ ਇਕੱਠੇ ਹੋ ਚੁੱਕੇ ਹਨ ਅਤੇ ਉਮੀਦ ਹੈ ਕਿ ਕੱਲ੍ਹ ਸ਼ਾਮ ਤੱਕ ਇਹ ਰਕਮ 5000 ਰੁਪਏ ਤੱਕ ਪਹੁੰਚ ਜਾਵੇਗੀ। ਮਾਨਪੱਤਰ ਹੇਠ ਲਿਖੇ ਅਨੁਸਾਰ ਸਨ

ਮਾਨ ਪੱਤਰ

ਡਾ: ਭੀਮ ਰਾਓ ਰਾਮਜੀ ਅੰਬੇਡਕਰ ਐਮ.ਏ., ਪੀ.ਐਚ.ਡੀ., ਡੀ.ਐਸ. ਸੀ., ਬਾਰ ਐਟ-ਲਾਅ, ਐੱਮ.ਐੱਲ.ਸੀ. ਮਹਾਮਹਿਮ, ਤੁਸੀਂ ਗ੍ਰੇਟ ਬ੍ਰਿਟੇਨ ਦੁਆਰਾ ਭਾਰਤ ਨੂੰ ਸਵਰਾਜ ਦੇ ਅਧਿਕਾਰ ਦੇਣ ਬਾਰੇ ਗੱਲਬਾਤ ਕਰਨ ਲਈ ਲੰਡਨ ਵਿੱਚ ਹੋਣ ਵਾਲੀ ਗੋਲਮੇਜ਼ ਕਾਨਫਰੰਸ ਵਿੱਚ ਸ਼ਾਮਲ ਹੋਣ ਲਈ ਸਰਕਾਰ ਦੇ ਸੱਦੇ 'ਤੇ ਜਾ ਰਹੇ ਹੋ। ਅਜਿਹੇ ਸਮੇਂ ਵਿੱਚ ਅਸੀਂ ਇਹ ਮੰਨਦੇ ਹਾਂ ਕਿ ਸਾਡੇ ਦਲਿਤ ਭਰਾਵਾਂ ਵਿੱਚ ਤੁਹਾਡੇ ਪ੍ਰਤੀ ਜੋ ਸਤਿਕਾਰ, ਪਿਆਰ ਅਤੇ ਭਰੋਸਾ ਹੈ, ਉਸ ਨੂੰ ਪ੍ਰਗਟ ਕਰਨਾ ਸਾਡਾ ਪਵਿੱਤਰ ਫਰਜ਼ ਹੈ। ਤੁਹਾਡੇ ਦੁਆਰਾ ਪ੍ਰਾਪਤ ਕੀਤੇ ਗਏ ਪ੍ਰਸ਼ੰਸਾਯੋਗ ਗਿਆਨ ਅਤੇ ਤੁਹਾਡੇ ਦੁਆਰਾ ਪ੍ਰਾਪਤ ਕੀਤੇ ਤਜ਼ਰਬਿਆਂ ਦੀ ਵਰਤੋਂ ਆਪਣੇ ਦੇਸ਼ ਅਤੇ ਆਪਣੇ ਦੇਸ਼ਵਾਸੀਆਂ ਦੇ ਫਾਇਦੇ ਲਈ ਕਰੋ। ਇਸਦੀ ਵਰਤੋਂ ਕਰਨ ਦਾ ਸਮਾਂ ਆ ਗਿਆ ਹੈ, ਜਿਸ ਲਈ ਅਸੀਂ ਤੁਹਾਨੂੰ ਦਿਲੋਂ ਵਧਾਈ ਦਿੰਦੇ ਹਾਂ।

ਵਿਦਵਤਾਰਤਨ ਸਾਹਿਬ, ਸਮਾਜ ਸ਼ਾਸਤਰ, ਰਾਜਨੀਤੀ ਸ਼ਾਸਤਰ, ਅਰਥ ਸ਼ਾਸਤਰ ਆਦਿ ਵਿਸ਼ਿਆਂ ਦਾ ਲੰਬੇ ਸਮੇਂ ਤੱਕ ਡੂੰਘਾਈ ਨਾਲ ਅਧਿਐਨ ਕਰਨ ਤੋਂ ਬਾਅਦ, ਤੁਸੀਂ ਉਨ੍ਹਾਂ ਦੇ ਅਧੀਨ ਸਿਧਾਂਤਾਂ ਆਦਿ ਬਾਰੇ ਸਹੀ ਢੰਗ ਨਾਲ ਚਿੰਤਨ ਕੀਤਾ ਹੈ। ਤੁਹਾਨੂੰ ਆਪਣੇ ਦੇਸ਼ ਅਤੇ ਵਿਦੇਸ਼ ਵਿੱਚ ਇਸ ਗਿਆਨ ਨੂੰ ਵਿਹਾਰਕ ਪੱਧਰ 'ਤੇ ਲਾਗੂ ਕਰਨ ਦੇ ਬਹੁਤ ਸਾਰੇ ਮੌਕੇ ਮਿਲੇ ਹਨ। ਤੁਸੀਂ ਆਪਣੇ ਮਨ ਵਿੱਚ ਪਹਿਲਾਂ ਹੀ ਫੈਸਲਾ ਕਰ ਲਿਆ ਹੈ ਕਿ ਤੁਹਾਡੇ ਦੇਸ਼ ਦੀ ਤਰੱਕੀ ਲਈ ਕੀ ਚਾਹੀਦਾ ਹੈ।

ਇਹਨਾਂ ਗੱਲਾਂ ਤੋਂ ਅਸੀਂ ਅਨੁਭਵ ਕੀਤਾ ਹੈ ਕਿ ਤੁਹਾਡੇ ਅੰਦਰ ਨਿਡਰਤਾ ਅਤੇ ਪੂਰਨ ਬੁੱਧੀ ਨਾਲ ਕਿਸੇ ਚੀਜ਼ ਦਾ ਸਮਰਥਨ ਕਰਨ ਦੀ ਮਾਨਸਿਕ ਸ਼ਕਤੀ ਹੈ। ਇਸ ਲਈ, ਸਾਨੂੰ ਪੂਰਾ ਭਰੋਸਾ ਹੈ ਕਿ ਤੁਹਾਡੇ ਇਹ ਪ੍ਰਸ਼ੰਸਾਯੋਗ ਗੁਣ ਉਸ ਕੰਮ ਨੂੰ ਸਹੀ ਦਿਸ਼ਾ ਪ੍ਰਦਾਨ ਕਰਨਗੇ ਜਿਸ ਲਈ ਤੁਸੀਂ ਜਾ ਰਹੇ ਹੋ ਅਤੇ ਇੱਕ ਸੱਚੇ ਦੇਸ਼ ਭਗਤ ਅਤੇ ਇਮਾਨਦਾਰੀ ਵਾਲੇ ਵਿਅਕਤੀ ਵਜੋਂ ਤੁਹਾਡੀ ਸਾਖ ਨੂੰ ਹੋਰ ਵਧਾਉਣਗੇ। ਸਾਨੂੰ ਪੂਰਾ ਭਰੋਸਾ ਹੈ ਕਿ ਤੁਸੀਂ ਦੇਸ਼ ਦੀ ਅਸਲ ਸਥਾਈ ਭਲਾਈ ਦੀਆਂ ਗੱਲਾਂ ਤੋਂ ਉਦਾਸੀਨ (ਨਿਰਪੱਖ/ ਦੂਰ) ਨਹੀਂ ਹੋਵੋਗੇ ਜਾਂ ਲਾਲਚ ਅਤੇ ਮੁਨਾਫ਼ੇ ਦੇ ਕਾਰਨ ਉਨ੍ਹਾਂ ਨੂੰ ਲਾਗੂ ਕਰਨ ਵਿੱਚ ਅਸਫਲ ਨਹੀਂ ਹੋਵੋਗੇ। ਕਿਉਂਕਿ ਸਾਡਾ ਸੱਭਿਆਚਾਰ ਉੱਚ ਪੱਧਰ ਦਾ ਹੈ, ਸਾਨੂੰ ਭਰੋਸਾ ਹੈ ਕਿ ਤੁਸੀਂ ਇਸ ਤਰ੍ਹਾਂ ਦੀ ਗੱਲ ਨਹੀਂ ਕਰੋਗੇ। ਤੁਹਾਨੂੰ ਆਪਣੇ ਦੇਸ਼ ਲਈ ਸਹੀ ਤਰੀਕੇ ਨਾਲ ਵਕਾਲਤ ਕਰਨ ਦਾ ਮੌਕਾ ਮਿਲ ਰਿਹਾ ਹੈ, ਸਾਨੂੰ ਪੂਰੀ ਉਮੀਦ ਹੈ ਕਿ ਤੁਸੀਂ ਇਸ ਮੌਕੇ ਦਾ ਪੂਰਾ ਲਾਭ ਉਠਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੋਗੇ।

ਮਹਾਨ-ਗਿਆਨਵਾਨ ਸਾਹਿਬ, ਸਾਡੇ ਦੇਸ਼ ਦੇ ਲੋਕਾਂ ਦੇ ਇੱਕ ਵੱਡੇ ਵਰਗ ਨਾਲ ਪਿਛਲੀਆਂ ਕਈ ਸਦੀਆਂ ਤੋਂ ਘੋਰ ਧਾਰਮਿਕ ਅਤੇ ਸਮਾਜਿਕ ਅਨਿਆਂ ਹੋ ਰਿਹਾ ਹੈ। ਇਨ੍ਹਾਂ ਬੇਇਨਸਾਫ਼ੀਆਂ ਕਾਰਨ ਉਸ ਵਰਗ ਦੀ ਹਾਲਤ ਬਹੁਤ ਤਰਸਯੋਗ ਹੋ ਗਈ ਹੈ। ਜਦੋਂ ਤੱਕ ਇਸ ਸਥਿਤੀ ਤੋਂ ਉੱਭਰ ਕੇ ਬਾਹਰ ਨਹੀਂ ਆਉਂਦਾ, ਸਾਡੇ ਦੇਸ਼ ਲਈ ਸਹੀ ਅਰਥਾਂ ਵਿੱਚ ਤਰੱਕੀ ਕਰਨਾ ਅਸੰਭਵ ਹੈ। ਇਨ੍ਹਾਂ ਗੱਲਾਂ 'ਤੇ ਇੱਥੇ ਕਈ ਵੱਡੇ ਦਿਲ ਵਾਲੇ ਲੋਕ ਪਛਤਾਵਾ ਕਰ ਰਹੇ ਹਨ। ਇਸ ਸਮੂਹ ਦੀ ਮੁਕਤੀ ਲਈ ਵੀ ਉਹ ਉਪਰਾਲੇ ਕਰ ਰਹੇ ਹਨ। ਪਰ ਜਦੋਂ ਤੋਂ ਤੁਸੀਂ ਇਸਨੂੰ ਆਪਣੇ ਹੱਥਾਂ ਵਿੱਚ ਲਿਆ ਹੈ, ਇਸਨੇ ਵਿਸ਼ੇਸ਼ ਮਹੱਤਵ ਅਤੇ ਇੱਕ ਵਿਸ਼ੇਸ਼ ਨਤੀਜੇ ਹਾਸਲ ਕੀਤੇ ਹਨ। ਅਤੇ ਜੇ ਅਸੀਂ ਕੁਝ ਹੋਰ ਸਾਲਾਂ ਲਈ ਆਪਣੇ ਯਤਨ ਜਾਰੀ ਰੱਖਦੇ ਹਾਂ ਤਾਂ ਇਸ ਮਾਮਲੇ 'ਚ ਕਾਫੀ ਅਸਰ ਦੇਖਣ ਨੂੰ ਮਿਲੇਗਾ ਅਤੇ ਸਫਲਤਾ ਮਿਲੇਗੀ। ਇਸ ਸਮਾਜ ਨੂੰ ਤੁਹਾਡੇ ਵਰਗਾ ਸੱਚਾ ਸਮਰਪਿਤ ਅਤੇ ਤਾਰਨਯੋਗ ਯੋਗ ਮੁਕਤੀਦਾਤਾ ਪਹਿਲਾਂ ਕਦੇ ਨਹੀਂ ਮਿਲਿਆ। ਤੁਹਾਡੇ ਵੱਲੋਂ ਕੀਤੇ ਜਾ ਰਹੇ ਯਤਨਾਂ ਸਦਕਾ ਤੁਸੀਂ ਇਸ ਵਰਗ ਲਈ ਦੇਵਤਾ ਸਮਾਨ ਬਣ ਗਏ ਹੋ। ਇਹ ਵਰਗ ਤੁਹਾਡੇ ਵਿੱਚ ਬਹੁਤ ਵਿਸ਼ਵਾਸ ਹੈ। ਉਹਨਾਂ ਨੂੰ ਤੁਹਾਡੇ ਪ੍ਰਤੀ ਬਹੁਤ ਸ਼ਰਧਾ ਹੈ। ਤੁਸੀਂ ਇਨ੍ਹਾਂ ਭਾਵਨਾਵਾਂ ਦੇ ਬਿਲਕੁਲ ਯੋਗ ਹੋ। ਤੁਸੀਂ ਆਪਣੇ ਵਰਗ ਦੇ ਹਿਚ ਅਤੇ ਭਲਾਈ ਲਈ ਕੋਈ ਵੀ ਆਤਮ-ਬਲੀਦਾਨ ਕਰਨ ਲਈ ਹਮੇਸ਼ਾਂ ਸੰਪੂਰਨ ਸਿਧ ਹੋਏ ਹੋ।

ਤੁਹਾਡੀ ਯੋਗਤਾ ਬਹੁਤ ਵੱਡੀ ਹੈ। ਇਸ ਲਈ, ਤੁਹਾਡੀ ਸ਼ਖਸੀਅਤ ਦੀ ਬੁੱਧੀਮਤ ਅਤੇ ਸਵੈ-ਰੁਚੀ ਹਰ ਕਿਸੇ ਦੇ ਮਨ 'ਤੇ ਸਕਾਰਾਤਮਕ ਪ੍ਰਭਾਵ ਪਾਉਂਦੀ ਹੈ। ਤੁਹਾਡੇ ਦ੍ਰਿੜ ਸੰਕਲਪ ਅਤੇ ਯੋਗ ਸ਼ਖਸੀਅਤ ਦਾ ਇਨ੍ਹਾਂ ਲੋਕਾਂ ਨੂੰ ਰਾਜਨੀਤਿਕ ਅਧਿਕਾਰ ਦਿਵਾਉਣ ਲਈ ਬਿਹਤਰ ਉਪਯੋਗ ਹੋਣ ਵਾਲਾ ਹੈ ਅਤੇ ਲੰਡਨ ਸਭਾ ਵਿੱਚ ਇਹਨਾਂ ਲੋਕਾਂ ਦੇ ਰਾਜਨੀਤਿਕ ਹੱਕਾਂ ਨੂੰ ਤੁਹਾਡੇ ਹੱਥੋਂ ਯੋਗ ਸਮਰਥਨ ਹੋਣ ਵਾਲਾ ਹੈ। ਸਾਨੂੰ ਪੂਰੀ ਉਮੀਦ ਹੈ ਕਿ ਤੁਸੀਂ ਇਸ ਵਰਗ ਦੀ ਬਿਹਤਰ ਵਕਾਲਤ ਕਰਕੇ ਉਨ੍ਹਾਂ ਦੇ ਹਿੱਤਾਂ ਦੀ ਸੇਵਾ ਕਰਨ ਵਿੱਚ ਸਫਲ ਹੋਵੋਗੇ।

ਤੁਸੀਂ ਕੁਝ ਦਿਨ ਪਹਿਲਾਂ ਨਾਗਪੁਰ ਵਿੱਚ ਹੋਈ ਸਰਬ ਭਾਰਤੀ ਬਹਿਸ਼ਕ੍ਰਿਤ ਹਿਤਕਾਰਨੀ ਸਭਾ ਵਿੱਚ ਪ੍ਰਧਾਨਗੀ ਦੇ ਅਹੁਦੇਦਾਰ ਵਜੋਂ ਦਿੱਤੇ ਆਪਣੇ ਭਾਸ਼ਣ ਵਿੱਚ ਰਾਜਨੀਤੀ ਦੇ ਮਾਮਲੇ ਵਿੱਚ ਆਪਣੀ ਨੀਤੀ ਦੀ ਰੂਪਰੇਖਾ ਨੂੰ ਉਜਾਗਰ ਕਰ ਚੁੱਕੇ ਹੋ। ਸਾਨੂੰ ਪੂਰਾ ਭਰੋਸਾ ਹੈ ਕਿ ਉਹ ਨੀਤੀ ਕੁੱਲ ਹਿੰਦ ਰਾਸ਼ਟਰ ਅਤੇ ਅਛੂਤ ਸਮਝੇ ਜਾਂਦੇ ਵਰਗਾਂ ਦੇ ਹਿੱਤ ਵਿੱਚ ਹੈ।

ਹੇ ਦੱਬਾਏ-ਕੁਚਲੇ ਸਮਾਜ ਦੇ ਸਮਰਥਕ ਮਹਾਰਾਜ, ਅਸੀਂ ਸੁਣਿਆ ਹੈ ਕਿ ਤੁਹਾਡੀ ਯਾਤਰਾ ਸਿਰਫ਼ ਲੰਡਨ ਤੱਕ ਸੀਮਤ ਨਹੀਂ ਹੈ, ਵਾਪਸ ਪਰਤਦਿਆਂ ਤੁਸੀਂ ਉੱਪਰ ਜ਼ਿਕਰ ਕੀਤਾ ਹੈ, ਆਪਣੀ ਮੁਕਤੀ ਲਈ ਲੋੜੀਂਦੀ ਵਿੱਤੀ ਸਹਾਇਤਾ ਪ੍ਰਾਪਤ ਕਰਨ ਦੇ ਉਦੇਸ਼ ਨਾਲ, ਉਹ ਅਮਰੀਕਾ ਅਤੇ ਹੋਰ ਦੇਸ਼ਾਂ ਦਾ ਦੌਰਾ ਕਰਨ ਜਾ ਰਹੇ ਹੋ ਅਤੇ ਆਪਣੇ ਸਾਥੀ ਨਾਗਰਿਕਾਂ ਦੀ ਸਹਾਇਤਾ ਦੇ ਸਰੋਤ ਨੂੰ ਲੋਕਾਂ ਦੇ ਇਸ ਕਮਜ਼ੋਰ ਸਮੂਹ ਵੱਲ ਮੋੜਨ ਦੀ ਕੋਸ਼ਿਸ਼ ਕਰ ਰਹੇ ਹੋ। ਤੁਹਾਡਾ ਇਹ ਉਦੇਸ਼ ਬਹੁਤ ਹੀ ਸ਼ਲਾਘਾਯੋਗ ਹੈ। ਤੁਹਾਡੇ ਵਰਗਾ ਪੜ੍ਹਿਆ-ਲਿਖਿਆ, ਮਹਾਨ ਅਤੇ ਨਿਰਸਵਾਰਥ ਵਿਅਕਤੀ ਅਮਰੀਕਾ ਵਰਗੇ ਅਮੀਰ ਦੇਸ਼ ਵਿੱਚ ਤੁਹਾਡੇ ਉਦੇਸ਼ ਵਿੱਚ ਜ਼ਰੂਰ ਕਾਮਯਾਬ ਹੋਵੇਗਾ ਅਤੇ ਤੁਹਾਨੂੰ ਆਪਣੇ ਲੋਕਾਂ ਦੀ ਭਲਾਈ ਲਈ ਕੁਝ ਕਰਨ ਦਾ ਮੌਕਾ ਮਿਲ ਸਕਦਾ ਹੈ। ਅਸੀਂ ਇਸ ਦੀ ਕਾਮਨਾ ਕਰਦੇ ਹਾਂ ਅਤੇ ਕਹਿੰਦੇ ਹਾਂ "ਜੇ ਕਾ ਰਾਂਝੇ ਗੰਜਲੇ, ਤਿਆਸੀ ਮੰਨੇ ਜੋ ਆਪੁਲੇ, ਤੋਚੀ ਸਾਧੂ ਓਲਖਾਵਾ, ਦੇਵ ਤੇਤੇਚੀ ਜਨਾਵਾ" (ਜੋ ਦੁਖੀ ਹਨ, ਜੋ ਤੁਹਾਡੇ ਆਪਣੇ ਹਨ, ਤੁਸੀ ਉਹਨਾ ਦੇ ਸਾਧੂ ਔਖਲਾ ਹੋ, ਭਗਵਾਨ ਤੁਹਾਨੂੰ ਉਹਨਾ ਦੇ ਕਸ਼ਟ ਦੂਰ ਕਰਨ ਲਈ ਜਾਣਾ ਚਾਹੀਦਾ ਹੈ) ਵਰਗੇ। ਰਿਸ਼ੀ ਨੇ ਕਿਹਾ, ਤੁਹਾਨੂੰ ਵਿਸ਼ਵਵਿਆਪੀ ਤੌਰ 'ਤੇ ਮਾਨਤਾ ਪ੍ਰਾਪਤ ਅਤੇ ਸਤਿਕਾਰਤ ਹੋਵੇ ਅਤੇ ਤੁਹਾਡਾ ਜੀਵਨ ਸਫਲ ਹੋਵੇ।

ਅੰਤ ਵਿੱਚ, ਅਸੀਂ ਦਿਲੋਂ ਕਾਮਨਾ ਕਰਦੇ ਹਾਂ ਕਿ ਤੁਹਾਡੀ ਯਾਤਰਾ ਬਹੁਤ ਸਫਲ ਰਹੇ ਅਤੇ ਤੁਹਾਡੀ ਸਿਹਤ ਸ਼ਾਨਦਾਰ ਰਹੇ। ਜੋ ਕੰਮ ਤੁਸੀਂ ਕਰਨ ਜਾ ਰਹੇ ਹੋ ਉਸ ਨੂੰ ਪੂਰਾ ਕਰਨ ਲਈ ਤੁਹਾਡੇ ਕੋਲ ਤਾਕਤ ਅਤੇ ਊਰਜਾ ਬਣੀ ਰਹੇ ਅਤੇ ਤੁਸੀਂ ਸਫਲਤਾ ਪ੍ਰਾਪਤ ਕਰਨ ਤੋਂ ਬਾਅਦ ਸੁਰੱਖਿਅਤ ਘਰ ਪਰਤੋ ਅਤੇ ਅਸੀਂ ਸਾਰੇ ਤੁਹਾਡੇ ਆਉਣ ਦੀ ਬੇਸਬਰੀ ਨਾਲ ਉਡੀਕ ਕਰਾਂਗੇ।

ਮਾਨ-ਪੱਤਰ ਪੜ੍ਹ ਕੇ ਚੇਅਰਮੈਨ ਡਾ: ਸੋਲੰਕੀ ਨੇ ਬਾਬਾ ਸਾਹਿਬ ਨੂੰ ਥੈਲੀ ਭੇਟ ਕੀਤੀ | ਡਾ: ਅੰਬੇਡਕਰ ਨੇ ਉਸ ਨੂੰ ਸਵੀਕਾਰ ਕਰ ਲਿਆ।

ਬਾਅਦ ਵਿੱਚ ਡਾ ਬਾਬਾ ਸਾਹਿਬ ਅੰਬੇਡਕਰ ਮਾਨ-ਪੱਤਰ ਦਾ ਜਵਾਬ ਦੇਣ ਲਈ ਖੜ੍ਹੇ ਹੋਏ। ਪਰ ਉਸ ਦਾ ਗਲਾ ਭਰਿਆ ਹੋਇਆ ਸੀ, ਜਿਸ ਕਰਕੇ ਉਹ 5-6 ਮਿੰਟ ਤੱਕ ਕੁਝ ਨਾ ਕਹਿ ਸਕੇ। ਫਿਰ ਉਸਨੇ ਆਪਣਾ ਸੰਜਮ ਮੁੜ ਤੋਂ ਸੰਜੋਇਆ ਅਤੇ ਆਪਣਾ ਭਾਸ਼ਣ ਸ਼ੁਰੂ ਕੀਤਾ। ਓਹਨਾਂ ਨੇ ਕਿਹਾ,

"ਪ੍ਰਧਾਨ ਮਹਾਰਾਜ ਅਤੇ ਭਰਾਵੋ ਅਤੇ ਭੈਣੋ,

ਮੈਨੂੰ ਨਹੀਂ ਪਤਾ ਲਗ ਰਿਹਾ ਕਿ ਅੱਜ ਮੈਂ ਤੁਹਾਨੂੰ ਕੀ ਦੱਸਾਂ। ਹੁਣ ਤੁਸੀਂ ਅਤੇ ਮੈਂ ਅਗਲੇ ਪੰਜ-ਛੇ ਮਹੀਨਿਆਂ ਤੱਕ ਨਹੀਂ ਮਿਲਾਂਗੇ। ਜੋ ਪਿਛਲੇ ਦੋ ਸਾਲਾਂ ਵਿੱਚ ਮੈਂ ਜੋ ਵੀ ਛੋਟਾ ਜਿਹਾ ਕੰਮ ਕੀਤਾ ਹੈ, ਜੇਕਰ ਹਜ਼ਾਰਾਂ ਸੱਜਣਾਂ ਨੇ ਮੇਰਾ ਸਾਥ ਨਾ ਦਿੱਤਾ ਹੁੰਦਾ, ਤਾਂ ਇਹ ਮੇਰੇ ਇਕੱਲੇ ਨਾਲ ਕੁਝ ਵੀ ਪੂਰਾ ਨਹੀਂ ਹੋ ਸਕਦਾ ਸੀ। ਮੈਂ ਜੋ ਵੀ ਕੰਮ ਕੀਤਾ ਹੈ, ਉਸ ਲਈ ਮੁੰਬਈ ਲੈਜਿਸਲੇਟਿਵ ਕੌਂਸਲ ਤੋਂ ਮੇਰੇ ਦੋਸਤ ਡਾ: ਸੋਲੰਕੀ ਨੇ ਮੇਰੀ ਬਹੁਤ ਮਦਦ ਕੀਤੀ ਹੈ। 1926 ਵਿੱਚ, ਰਾਜਪਾਲ ਨੇ ਮੈਨੂੰ ਬੁਲਾਇਆ ਅਤੇ ਪੁੱਛਿਆ, ਜੇਕਰ ਡਾ: ਸੋਲੰਕੀ ਅਛੂਤ ਭਾਈਚਾਰੇ ਦੀ ਤਰਫੋਂ ਚੁਣੇ ਜਾਂਦੇ ਹਨ, ਤਾਂ ਕੀ ਤੁਹਾਨੂੰ ਉਨ੍ਹਾਂ ਨਾਲ ਕੌਂਸਲ ਵਿੱਚ ਕੰਮ ਕਰਨ ਵਿੱਚ ਕੋਈ ਮੁਸ਼ਕਲ ਆਵੇਗੀ? ਇਸ 'ਤੇ ਮੈਂ ਜਵਾਬ ਦਿੱਤਾ ਕਿ ਸੋਲੰਕੀ ਬਹੁਤ ਪੜ੍ਹੇ-ਲਿਖੇ ਵਿਅਕਤੀ ਹਨ, ਇਸ ਲਈ ਉਹ ਸਭਾ ਦੇ ਕੰਮ ਵਿਚ ਸਾਡੇ ਲਈ ਚੰਗਾ ਰਹੇਗਾ। ਮੈਂ ਥੋੜ੍ਹਾ ਗੁੱਸੈਲ ਅਤੇ ਢੀਠ ਹਾਂ। ਇਹ ਖਾਮੀਆਂ ਸ਼ਾਇਦ ਕੌਂਸਲ ਵਿੱਚ ਕੰਮ ਕਰਦਿਆਂ ਡਾ: ਸੋਲੰਕੀ ਨਾਲ ਮੇਰੇ ਵਿਵਹਾਰ ਵਿੱਚ ਕਿਸੇ ਸਮੇਂ ਪ੍ਰਗਟ ਹੋਈਆਂ ਹੋਣ। ਪਰ ਡਾ: ਸੋਲੰਕੀ ਨੇ ਕੁਝ ਵੀ ਦਿਲ 'ਤੇ ਨਹੀਂ ਲਿਆ ਅਤੇ ਪੂਰੀ ਲਗਨ ਨਾਲ ਮਦਦ ਕੀਤੀ। ਇਸੇ ਲਈ ਕੌਂਸਲ ਦੇ ਕੰਮਕਾਜ ਦਾ ਸਾਰਾ ਸਿਹਰਾ ਡਾ: ਸੋਲੰਕੀ ਨੂੰ ਜਾਂਦਾ ਹੈ। ਸਮਤਾ ਸੰਘ ਨੇ ਪ੍ਰੀਸ਼ਦ ਦੇ ਬਾਹਰ ਮੇਰੇ ਕੰਮ ਵਿੱਚ ਮੇਰੀ ਬਹੁਤ ਮਦਦ ਕੀਤੀ। ਮੈਂ ਸ਼੍ਰੀ ਦੇਵਰਾਓ ਨਾਇਕ ਨੂੰ ਆਪਣਾ ਸੱਜਾ ਹੱਥ ਸਮਝਦਾ ਹਾਂ ਕਿਉਂਕਿ ਉਨ੍ਹਾਂ ਨੇ ਅੱਜ ਤੱਕ ਮੈਨੂੰ ਦਿੱਤੀ ਹੈ। ਮੈਨੂੰ ਯਕੀਨ ਹੈ ਕਿ ਭਾਵੇਂ ਮੈਂ 5-6 ਮਹੀਨਿਆਂ ਲਈ ਵਿਦੇਸ਼ ਵਿੱਚ ਹਾਂ, ਪਰ ਆਪਸ ਵਿੱਚ ਮਿਲੇ ਸਹਿਯੋਗ ਕਾਰਨ ਅਸੀਂ ਇੰਨੇ ਨੇੜੇ ਹੋ ਗਏ ਹਾਂ ਕਿ ਕੇਵਲ ਸ਼੍ਰੀਮਾਨ ਨਾਇਕ ਹੀ ਮੇਰੇ ਪਿੱਛੇ ਕੰਮ ਕਰ ਸਕਣਗੇ। ਸਮਤਾ ਸੰਘ ਦੇ ਮੇਰੇ ਪਿਆਰੇ ਮਿੱਤਰ ਸ਼੍ਰੀ ਪ੍ਰਧਾਨ, ਕਾਦਰੇਕਰ, ਕਾਵਲੀ ਆਦਿ ਨੇ ਮੇਰੀ ਬਹੁਤ ਮਦਦ ਕੀਤੀ ਹੈ। ਇਸੇ ਤਰ੍ਹਾਂ ਸ਼੍ਰੀ ਸ਼ੰਕਰ ਰਾਓ ਪਰਸ਼ਾ ਨੇ ਪੈਸੇ ਦੇ ਮਾਮਲੇ ਵਿਚ ਬਹੁਤ ਮਦਦ ਕੀਤੀ ਹੈ। ਮੇਰੇ ਕੋਲ ਸ਼੍ਰੀ ਸ਼ੰਕਰਰਾਓ ਵਰਗਾ ਕੋਈ ਹੋਰ ਸਹਾਰਾ ਨਹੀਂ ਸੀ। ਜਨਤਕ ਪ੍ਰੋਗਰਾਮਾਂ ਲਈ ਪੈਸੇ ਦੀ ਲੋੜ ਹੁੰਦੀ ਹੈ। ਪਰ ਜਦੋਂ ਮੈਂ ਪਹਿਲੀ ਵਾਰ ਸੋਲਾਪੁਰ ਬੋਰਡਿੰਗ ਸ਼ੁਰੂ ਕੀਤਾ ਤਾਂ ਮੇਰੇ ਹੱਥ ਵਿੱਚ ਸਿਰਫ਼ 500 ਰੁਪਏ ਸਨ। ਬਾਅਦ ਵਿੱਚ, ਉਸਨੇ ਇੱਕ ਯਹੂਦੀ ਦੋਸਤ ਨੂੰ 1000 ਰੁਪਏ ਦਾ ਵਾਅਦਾ ਨੋਟ ਲਿਖਕੇ ਦਿੱਤਾ ਅਤੇ ਇਸ ਤਰ੍ਹਾਂ ਇਸ ਬੋਰਡਿੰਗ ਸੰਸਥਾ ਦੀ ਸ਼ੁਰੂਆਤ ਹੋਈ। ਸ਼੍ਰੀ ਸ਼ੰਕਰਰਾਓ ਨੇ ਇਸ ਕੰਮ ਵਿੱਚ ਬਹੁਤ ਮਦਦ ਕੀਤੀ। ਉਸ ਨੇ ਪ੍ਰੈਸ ਖਰੀਦਣ ਲਈ 1800 ਰੁਪਏ ਦੀ ਮਦਦ ਕੀਤੀ।

ਮੈਂ ਅੱਜ ਤੱਕ ਅਛੂਤ ਵਰਗ ਦੀ ਜਿੰਨੀ ਵੀ ਛੋਟੀ-ਮੋਟੀ ਸੇਵਾ ਕਰ ਸਕਿਆ ਹਾਂ, ਉਸ ਦਾ ਸਾਰਾ ਸਿਹਰਾ ਵੱਖ-ਵੱਖ ਕੰਮਾਂ ਵਿਚ ਲੱਗੇ ਮੇਰੇ ਸਾਥੀਆਂ ਨੂੰ ਜਾਂਦਾ ਹੈ। ਥੈਲੀ ਅਤੇ ਮਾਨ-ਪੱਤਰ ਜੋ ਤੁਸੀਂ ਦੇ ਰਹੇ ਹੋ, ਮੈਂ ਇਹ ਸਵੀਕਾਰ ਕਰਦਾ ਹਾਂ ਪਰ ਇਸ ਥੈਲੀ ਵਿੱਚੋਂ ਪੈਸੇ ਮੈਂ ਮੇਰੇ ਨਿੱਜੀ ਉਦੇਸ਼ਾਂ ਲਈ ਬਿਲਕੁਲ ਨਹੀਂ ਵਰਤਾਂਗਾ। ਇਹ ਰਕਮ ਗਰੀਬ ਭਾਈਚਾਰੇ ਦੀ ਭਲਾਈ ਲਈ ਵਰਤੀ ਜਾਣੀ ਹੈ, ਜਿਨ੍ਹਾਂ ਦੀ ਮਦਦ ਨਾਲ ਇਹ ਪੈਸਾ ਇਕੱਠਾ ਕੀਤਾ ਗਿਆ ਹੈ। ਮੈਂ ਆਲ ਇੰਡੀਆ ਦਲਿਤ ਕਾਂਗਰਸ ਦੇ ਕੇਂਦਰੀ ਸੰਗਠਨ ਦੇ ਖਰਚਿਆਂ ਲਈ ਮੁੰਬਈ ਖੇਤਰ ਦੀ ਤਰਫੋਂ ਚੰਦਾ ਇਕੱਠਾ ਕਰਨ ਦੀ ਗੱਲ ਕਬੂਲ ਕੀਤੀ ਹੈ। ਇਸ ਕੰਮ ਲਈ ਮੈਂ ਇਸ ਵਿੱਚੋਂ ਕੁਝ ਰਕਮ ਡਾ: ਸੋਲੰਕੀ ਕੋਲ ਜਮ੍ਹਾਂ ਕਰਵਾ ਰਿਹਾ ਹਾਂ। ਉਸ ਨੇ ਇਸ ਰਕਮ ਦੀ ਵਰਤੋਂ ਬਹਿਸ਼ਕ੍ਰਿਤ ਸਭਾ ਦੇ ਲਈ ਕਰਨੀ ਹੈ। ਬਾਕੀ ਬਚੀ ਰਕਮ ਕਿਸੇ ਹੋਰ ਤਰੀਕੇ ਨਾਲ ਵਰਤੀ ਜਾਣੀ ਹੈ। ਮੈਂ ਆਪਣਾ ਬੰਦ ਪਿਆ ਰਸਾਲਾ "ਬਹਿਸ਼ਕ੍ਰਿਤ ਭਾਰਤ" ਦੁਬਾਰਾ ਪ੍ਰਕਾਸ਼ਿਤ ਕਰ ਰਿਹਾ ਹਾਂ।

"ਇਕੁਐਲਿਟੀ ਐਂਡ ਜਸਟਿਸ"
"Equality and Justice"

ਇਸ ਮੈਗਜ਼ੀਨ ਵਿੱਚ ਮੌਜੂਦਾ ਸਥਿਤੀ ਨੂੰ ਦੇਖਣ ਤੋਂ ਬਾਅਦ ਜੋ ਗੱਲਾਂ ਸਾਹਮਣੇ ਆਉਂਦੀਆਂ ਹਨ, ਉਹ ਦਿੱਤੀਆਂ ਜਾਣਗੀਆਂ। ਮੈਂ ਇਸਦਾ ਨਾਮ ਬਦਲਣ ਦਾ ਫੈਸਲਾ ਕੀਤਾ ਹੈ। ਕਿਉਂਕਿ ਇਸ ਨਾਂ ਕਾਰਨ ਬਹੁਤ ਸਾਰੇ ਲੋਕ ਸਾਡਾ ਰਸਾਲਾ ਖਰੀਦਣ ਤੋਂ ਝਿਜਕਦੇ ਸਨ ਅਤੇ ਇਸ ਨੂੰ ਨਹੀਂ ਖਰੀਦਦੇ ਸਨ।

ਇਸ ਕਾਰਨ ਸਾਡਾ ਇਹ ਮਕਸਦ ਪੂਰਾ ਨਹੀਂ ਹੁੰਦਾ ਕਿ ਸਾਡਾ ਸੰਦੇਸ਼ ਸਮੁੱਚੀ ਜਨਤਾ ਤੱਕ ਪਹੁੰਚਣਾ ਚਾਹੀਦਾ ਹੈ। ਇਸੇ ਲਈ ਮੈਂ ਮੈਗਜ਼ੀਨ ਦਾ ਨਾਂ ਬਦਲਣ ਦਾ ਫੈਸਲਾ ਕੀਤਾ ਹੈ। ਹੁਣ ਮੈਗਜ਼ੀਨ ਦਾ ਨਾਮ ਜਨਤਾ ਹੋਵੇਗਾ ਅਤੇ ਇਸ ਦੇ ਸੰਪਾਦਨ ਦੀ ਜ਼ਿੰਮੇਵਾਰੀ ਸ਼੍ਰੀ. ਦੇਵਰਾਓ ਨਾਇਕ ਦਾ ਹੋਵੇਗਾ। ਤੁਸੀਂ ਇਸ ਮੈਗਜ਼ੀਨ ਲਈ ਵੱਧ ਤੋਂ ਵੱਧ ਗਾਹਕ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰੋ। ਇਸ ਤਰ੍ਹਾਂ, ਥੈਲੀ ਦੀ ਰਕਮ ਦਾ ਕੁਝ ਹਿੱਸਾ ਮੇਰੇ ਦੁਆਰਾ ਚਲਾਏ ਜਾ ਰਹੇ ਬੋਰਡਿੰਗ ਹਾਊਸਾਂ ਨੂੰ ਦਿੱਤਾ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਥੈਲੀ ਵਿਚ ਪਏ ਪੈਸੇ ਦੀ ਵਰਤੋਂ ਕੀਤੀ ਜਾਵੇਗੀ।

ਜੇਕਰ ਗੋਲਮੇਜ਼ ਕਾਨਫਰੰਸ ਲਈ ਵਿਦੇਸ਼ਾਂ ਤੋਂ ਆਉਣ-ਜਾਣ ਦਾ ਖਰਚਾ ਬਰਤਾਨਵੀ ਸਰਕਾਰ ਅਦਾ ਕਰ ਰਹੀ ਹੈ ਤਾਂ ਇਹ ਥੈਲੀ ਕਿਉਂ? ਇਹ ਸਵਾਲ ਤੁਹਾਡੇ ਵਿੱਚੋਂ ਕੁਝ ਲੋਕਾਂ ਦੇ ਦਿਮਾਗ ਵਿੱਚ ਆਸਾਨੀ ਨਾਲ ਆਉਂਦਾ ਹੈ। ਪਰ ਜਿਸ ਸਮੇਂ ਮੈਨੂੰ ਤੁਹਾਡੀ ਮਦਦ ਦੀ ਲੋੜ ਸੀ, ਭਾਵੇਂ ਮੈਨੂੰ ਤੁਹਾਡੇ ਤੋਂ ਮਦਦ ਦੀ ਉਮੀਦ ਨਹੀਂ ਸੀ, ਹੁਣ ਮੈਨੂੰ ਆਪਣੇ ਨਿੱਜੀ ਕੰਮ ਲਈ ਵੀ ਤੁਹਾਡੀ ਮਦਦ ਦੀ ਲੋੜ ਨਹੀਂ ਪਵੇਗੀ। ਲੋੜ ਪੈਣ 'ਤੇ ਮੈਂ ਤੁਹਾਡੀ ਮਦਦ ਜ਼ਰੂਰ ਮੰਗਾਂਗਾ।

ਮੈਂ ਗੋਲਮੇਜ਼ ਕਾਨਫਰੰਸ ਲਈ ਜਾਣ ਵਾਲਾ ਹਾਂ। ਘੱਟੋ-ਘੱਟ ਅਛੂਤ ਵਰਗ ਨੂੰ ਇਸ ਕਾਨਫਰੰਸ ਦਾ ਜ਼ਰੂਰ ਫਾਇਦਾ ਹੋਵੇਗਾ। ਪਰ ਮੈਂ ਇਸ ਕਾਨਫਰੰਸ ਦਾ ਬਾਈਕਾਟ ਕਰਨ ਵਾਲਿਆਂ ਨੂੰ ਪੁੱਛਦਾ ਹਾਂ ਕਿ ਜੇਕਰ ਦੋ ਧਿਰਾਂ ਵਿਚ ਲੜਾਈ ਹੋ ਜਾਂਦੀ ਹੈ ਤਾਂ ਫਿਰ ਸੁਲ੍ਹਾ-ਸਫਾਈ ਦੀ ਭਾਸ਼ਾ ਬੋਲਣ ਵਿਚ ਕੀ ਹਰਜ ਹੈ? ਅੱਜ ਵੀ ਸਰਕਾਰ ਅਤੇ ਕਾਂਗਰਸ ਵਿਚਾਲੇ ਲੜਾਈ ਜਾਰੀ ਹੈ। ਕਾਂਗਰਸ ਦੇ ਅੰਦੋਲਨ ਕਾਰਨ ਸਰਕਾਰ ਨੂੰ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਇਸ ਤਰ੍ਹਾਂ ਜੇਕਰ ਦੋਵੇਂ ਧਿਰਾਂ ਅੜ ਜਾਂਦੀਆਂ ਹਨ ਤਾਂ ਕਿਸੇ ਨਾ ਕਿਸੇ ਨੂੰ ਗੋਲਮੇਜ਼ ਕਾਨਫਰੰਸ ਰਾਹੀਂ ਸੁਲ੍ਹਾ-ਸਫਾਈ ਲਈ ਯਤਨ ਕਰਨੇ ਪੈਣਗੇ। ਸੁਲ੍ਹਾ-ਸਫ਼ਾਈ ਦਾ ਇਹ ਰਾਹ ਗੋਲ ਮੇਜ਼ ਕਾਨਫਰੰਸ ਰਾਹੀਂ ਲੱਭਿਆ ਜਾ ਸਕਦਾ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਇਸ ਕਾਨਫਰੰਸ ਤੋਂ ਕੋਈ ਹੱਲ ਨਾਂ ਨਿਕਲੇ। ਪਰ ਮੈਨੂੰ ਅਜਿਹਾ ਨਹੀਂ ਲੱਗਦਾ। ਜਿਹੜੇ ਲੋਕ ਸੋਚਦੇ ਹਨ ਕਿ ਇਹ ਕਾਨਫਰੰਸ ਫੇਲ੍ਹ ਹੋ ਜਾਵੇਗੀ, ਮੈਂ ਉਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਾਨਫਰੰਸ ਕਿਉਂ ਫੇਲ੍ਹ ਹੋਵੇਗੀ?

ਅੱਜ ਹਿੰਦੂ, ਮੁਸਲਮਾਨ ਅਤੇ ਅਛੂਤ ਸਾਰੇ ਸਵਰਾਜ ਚਾਹੁੰਦੇ ਹਨ। ਹਾਲ ਹੀ ਵਿੱਚ ਨਾਗਪੁਰ ਵਿੱਚ ਹੋਈ ਆਲ ਇੰਡੀਆ ਬਹਿਸ਼ਕ੍ਰਿਤ ਕਾਂਗਰਸ ਨੇ ਅਜਿਹਾ ਮਤਾ ਪਾਸ ਕੀਤਾ ਹੈ। ਇਸ ਬਾਰੇ ਸਾਰਿਆਂ ਦੀ ਇੱਕੋ ਰਾਏ ਹੈ। ਵਿਚਾਰਾਂ ਦਾ ਮਤਭੇਦ ਸਿਰਫ਼ ਇੱਕ ਗੱਲ ਦਾ ਹੈ ਅਤੇ ਉਹ ਇਹ ਹੈ ਕਿ ਸਵਰਾਜ ਕਿਸ ਢੰਗ ਨਾਲ ਦਿੱਤਾ ਜਾਵੇ! ਮਤਭੇਦ ਇਸ ਗੱਲ 'ਤੇ ਹੈ ਕਿ ਘੱਟ ਗਿਣਤੀ ਲੋਕਾਂ ਦੀ ਸੁਰੱਖਿਆ ਲਈ ਕੀ ਉਪਾਅ ਕੀਤੇ ਜਾਣੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਬਰਾਬਰੀ ਕਿਵੇਂ ਮਿਲਣੀ ਚਾਹੀਦੀ ਹੈ। ਅੱਜ ਇੱਕ ਅਜਿਹੇ ਹਿੰਦੂ ਧਰਮ ਦੀ ਲੋੜ ਹੈ ਜਿਸ ਵਿੱਚ ਹਰ ਕੋਈ ਆਜ਼ਾਦ ਹੋਵੇ। ਪਰ ਇਸ ਗੱਲ 'ਤੇ ਮਤਭੇਦ ਹਨ ਕਿ ਕੀ ਸਵਰਾਜ ਤੋਂ ਆਉਣ ਵਾਲੀ ਸ਼ਕਤੀ ਨੂੰ ਸਮਾਜ ਵਿਚ ਸਹੀ ਢੰਗ ਨਾਲ ਵੰਡਿਆ ਜਾਣਾ ਚਾਹੀਦਾ ਹੈ ਜਾਂ ਸਿਰਫ ਇਕ ਵਿਸ਼ੇਸ਼ ਵਰਗ ਦੇ ਹੱਥਾਂ ਵਿਚ ਰਹਿਣਾ ਚਾਹੀਦਾ ਹੈ। ਜੇਕਰ ਦਲਿਤ ਭਾਈਚਾਰਾ, ਪਛੜਾ ਵਰਗ ਅਤੇ ਬਹੁਗਿਣਤੀ ਸਮਾਜ ਨੇਕ-ਦਿਸ਼ਾ ਦਿਖਾਵੇ ਤਾਂ ਆਪਸੀ ਝਗੜਿਆਂ ਨੂੰ ਸੁਲਝਾਉਣਾ ਅਸੰਭਵ ਨਹੀਂ ਹੈ।

ਮੈਂ ਆਪਣੇ ਸਮਾਜ ਲਈ ਜੋ ਵੀ ਜ਼ਰੂਰੀ ਹੈ, ਉਹ ਜ਼ਰੂਰ ਮੰਗਾਂਗਾ, ਪਰ ਇਸ ਦੇ ਨਾਲ ਹੀ ਜੇਕਰ ਇਸ ਦੇਸ਼ ਨੂੰ ਸਵਰਾਜ ਦੇਣ ਦੀ ਕੋਈ ਤਜਵੀਜ਼ ਪੇਸ਼ ਕੀਤੀ ਜਾਂਦੀ ਹੈ ਤਾਂ ਮੈਂ ਉਸ ਦਾ ਸਮਰਥਨ ਕਰਾਂਗਾ। , ਕਾਂਗਰਸ ਵਾਂਗ ਸਾਡੀ ਵੀ ਇਹੀ ਕਾਮਨਾ ਹੈ ਕਿ ਇਹ ਦੇਸ਼ ਹਰ ਪੱਖੋਂ ਤਰੱਕੀ ਕਰੇ ਅਤੇ ਉੱਤਮ ਮੁਕਾਮ 'ਤੇ ਪਹੁੰਚੇ। ਆਖ਼ਰਕਾਰ, ਗੋਲਮੇਜ਼ ਕਾਨਫਰੰਸ ਦੀ ਸਮਾਪਤੀ ਤੋਂ ਬਾਅਦ, ਮੈਂ ਲੋਕ ਜਾਗਰੂਕਤਾ ਦਾ ਕੰਮ ਕਰਨਾ ਚਾਹੁੰਦਾ ਹਾਂ। ਇਹ ਬਹੁਤ ਮਹੱਤਵਪੂਰਨ

ਲੇਖ ਦਾ ਬਾਕੀ ਭਾਗ 6 ਨੰਬਰ ਪੇਜ਼ ਤੇ

# ਆਦਿਵਾਸੀਆਂ ਦੇ ਕਤਲੇਆਮ ਵਿਰੁੱਧ ਅਤੇ ਬੁੱਧੀਜੀਵੀਆਂ ਦੀ ਰਿਹਾਈ ਲਈ ਸੂਬਾਈ ਕਨਵੈਨਸ਼ਨ ਅਤੇ ਮੁਜ਼ਾਹਰਾ 7 ਨੂੰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਦਸੰਬਰ
INTERNATIONAL PAPER, 9463601616
hardipchumber57@gmail.com



ਜਲੰਧਰ (ਸਤਨਾਮ ਸਿੰਘ ਸਹੂੰਗੜਾ) ਉਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਦੇ ਸੂਬਾ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋ. ਏ .ਕੇ. ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ ਪਾਲ ਨੇ ਦੱਸਿਆ ਕਿ ਜਮਹੂਰੀ ਫਰੰਟ ਵੱਲੋਂ 7 ਦਸੰਬਰ ਨੂੰ ਸਵੇਰੇ 10.30 ਵਜੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਨੂੰ ਸਮਰਪਿਤ ਸੂਬਾਈ ਕਨਵੈਨਸ਼ਨ ਤੇ ਮੁਜ਼ਾਹਰਾ ਕੀਤਾ ਜਾ ਰਿਹਾ ਹੈ। ਜਿਸ ਵਿਚ ਮੁੱਖ ਵਕਤਾ ਜਮਹੂਰੀ ਤੇ ਮਨੁੱਖੀ ਹੱਕਾਂ ਦੇ ਉੱਘੇ ਘੁਲਾਟੀਏ ਪ੍ਰਸ਼ਾਂਤ ਰਾਹੀ, ਨਦੀਮ ਖ਼ਾਨ ਅਤੇ ਡਾ. ਨਵਸ਼ਰਨ ਹੋਣਗੇ। ਪੰਜਾਬ ਦੀਆਂ ਜਨਤਕ ਜਮਹੂਰੀ ਤਾਕਤਾਂ ਦਾ ਇਹ ਇਕੱਠ ਭਾਰਤੀ ਰਾਜ ਵੱਲੋਂ ਕਤਲੇਆਮ, ਜੇਲ੍ਹਬੰਦੀ ਅਤੇ ਝੂਠੇ ਕੇਸਾਂ ਰਾਹੀਂ ਜਮਹੂਰੀ ਤੇ ਮਨੁੱਖੀ ਹੱਕਾਂ ਦਾ ਕਰੂਰਤਾ ਨਾਲ ਘਾਣ ਕਰਨ ਦਾ ਗੰਭੀਰ ਨੋਟਿਸ ਲੈਂਦੇ ਹੋਏ ਇਸ ਵਿਰੁੱਧ ਜਨਤਕ ਜਮਹੂਰੀ ਆਵਾਜ਼ ਬੁਲੰਦ ਕਰਨ ਦਾ ਸੱਦਾ ਦੇਵੇਗਾ। ਇਹ ਇਕੱਠ ਜਿੱਥੇ ਜਲ, ਜੰਗਲ, ਜ਼ਮੀਨ ਦੀ ਰਾਖੀ ਲਈ ਜੂਝਦੇ ਆਦਿਵਾਸੀਆਂ ਤੇ ਮਾਓਵਾਦੀ ਇਨਕਲਾਬੀਆਂ ਦੇ ਕਤਲੇਆਮ ਦਾ ਵਿਰੋਧ ਕਰਦੇ ਹੋਏ ਉਪਰੇਸ਼ਨ ਕਗਾਰ ਅਤੇ ਹੋਰ ਨੀਮ-ਫ਼ੌਜੀ ਉਪਰੇਸ਼ਨ ਬੰਦ ਕਰਨ ਦੀ ਮੰਗ ਕਰੇਗਾ ਉੱਥੇ ਨਾਲ ਹੀ ‘ਸ਼ਹਿਰੀ ਨਕਸਲੀ’ ਅਤੇ ਹੋਰ ਝੂਠੇ ਬਿਰਤਾਂਤਾਂ ਦੇ ਆਧਾਰ ’ਤੇ ਜੇਲ੍ਹਾਂ ਵਿਚ ਡੱਕੇ ਉਮਰ ਖ਼ਾਲਿਦ, ਗੁਲਫ਼ਿਸ਼ਾਂ ਫ਼ਾਤਿਮਾ ਸਮੇਤ ਸਮੂਹ ਲੋਕ-ਪੱਖੀ ਬੁੱਧੀਜੀਵੀਆਂ ਜਮਹੂਰੀ ਕਾਰਕੁਨਾਂ ਅਤੇ ਪੂਰੇ ਦੇਸ਼ ਵਿਚ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ ਦੀ ਪੁਰਜ਼ੋਰ ਮੰਗ ਕਰੇਗਾ। ਫਰੰਟ ਦੇ ਆਗੂਆਂ ਨੇ ਦੱਸਿਆ ਕਿ ਸੂਬਾਈ ਇਕੱਤਰਤਾ ਦੀ ਕਾਮਯਾਬੀ ਲਈ ਵੱਖ-ਵੱਖ ਜ਼ਿਲ੍ਹਿਆਂ ਵਿਚ ਜਨਤਕ ਇਕੱਤਰਤਾਵਾਂ, ਵਿਚਾਰ-ਚਰਚਾਵਾਂ ਤੇ ਕਨਵੈਨਸ਼ਨਾਂ ਜਥੇਬੰਦ ਕਰਕੇ ਅਤੇ ਸੰਪਰਕ ਮੁਹਿੰਮ ਚਲਾਕੇ ਜ਼ੋਰਦਾਰ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਅਤੇ ਲੇਖਕਾਂ, ਬੁੱਧੀਜੀਵੀਆਂ, ਕਲਾਕਾਰਾਂ, ਵਕੀਲਾਂ, ਲੋਕ ਜਮਹੂਰੀ ਕਾਰਕੁਨਾਂ, ਤਰਕਸ਼ੀਲਾਂ ਸਮੇਤ ਸਮੂਹ ਇਨਸਾਫਪਸੰਦ ਤਾਕਤਾਂ ਨਾਲ ਸੰਪਰਕ ਕਰਕੇ ਇਸ ਫਾਸ਼ੀ ਹੱਲੇ ਵਿਰੁੱਧ ਸਾਂਝਾ ਹੰਭਲਾ ਮਾਰਨ ਲਈ ਸੂਬਾ ਕਨਵੈਨਸ਼ਨ ਵਿਚ ਹੁੰਮ-ਹੁੰਮਾਕੇ ਪਹੁੰਚਣ ਦਾ ਸੱਦਾ ਦਿੱਤਾ ਜਾ ਰਿਹਾ ਹੈ।

# ਨਰਸਿੰਗ ਕਾਲਜ ਢਾਹਾਂ ਕਲੇਰਾਂ ਦੀ ਵਿਦਿਆਰਥੀ ਹਰਨੂਰ ਕੌਰ ਨੇ ਬੀ.ਐਸ.ਸੀ. ਨਰਸਿੰਗ (ਤੀਜਾ ਸਮੈਸਟਰ) ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਦਸੰਬਰ
INTERNATIONAL PAPER, 9463601616
hardipchumber57@gmail.com





ਬੰਗਾ 02 ਦਸੰਬਰ (ਚਰਨਜੀਤ ਸੱਲ੍ਹਾਂ) ਨਰਸਿੰਗ ਵਿਦਿਅਕ ਖੇਤਰ ਦੀ ਪ੍ਰਮੁੱਖ ਸੰਸਥਾ ਗੁਰੂ ਨਾਨਕ ਕਾਲਜ ਆਫ਼ ਨਰਸਿੰਗ ਢਾਹਾਂ ਕਲੇਰਾਂ ਦੀ ਕਲਾਸ ਬੀ.ਐਸ.ਸੀ. ਨਰਸਿੰਗ ਬੈਚ 2023-2027 ਤੀਜਾ ਸਮੈਸਟਰ ਦਾ ਨਤੀਜਾ ਸ਼ਾਨਦਾਰ 100% ਫੀਸਦੀ ਆਇਆ ਹੈ । ਨਰਸਿੰਗ ਵਿਦਿਆਰਥੀਆਂ ਦੀ ਸ਼ਾਨਦਾਰ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੰਦੇ ਪ੍ਰਿੰਸੀਪਲ ਰਮਨਦੀਪ ਕੌਰ ਕੰਗ ਕਿਹਾ ਕਿ ਬੀ.ਐਸ.ਸੀ.ਨਰਸਿੰਗ (ਤੀਜਾ ਸਮੈਸਟਰ) ਕਲਾਸ ਵਿਚੋਂ ਪਹਿਲਾ ਸਥਾਨ ਹਰਨੂਰ ਕੌਰ ਪੁੱਤਰੀ ਕੁਲਵਿੰਦਰ ਸਿੰਘ-ਨਿਰਮਲਜੀਤ ਕੌਰ ਨਵਾਂਸ਼ਹਿਰ ਨੇ 7.24 ਐਸ ਜੀ ਪੀ ਏ ਅੰਕ ਪ੍ਰਾਪਤ ਕਰਕੇ ਪ੍ਰਾਪਤ ਕੀਤਾ ਹੈ, ਜਦ ਕਿ ਦੂਜਾ ਸਥਾਨ ਦਪਿੰਦਰ ਕੌਰ ਪੁੱਤਰੀ ਸ. ਸੁਖਦੀਪ ਸਿੰਘ-ਪਵਿੱਤਰਜੀਤ ਕੌਰ ਮੋਹਾਲੀ ਨੇ 7.18 ਐਸ ਜੀ ਪੀ ਏ ਅੰਕਾਂ ਨਾਲ ਪ੍ਰਾਪਤ ਕੀਤਾ ਹੈ । ਇਸੇ ਤਰ੍ਹਾਂ ਤੀਜਾ ਸਥਾਨ ਪੰਜ ਵਿਦਿਆਰਥੀਆਂ ਨਵਨੀਤ ਕੌਰ ਪੁੱਤਰੀ ਰੌਣਕ ਸਿੰਘ ਅਨੰਦਪੁਰ ਸਾਹਿਬ, ਨਵਜੀਤ ਜਾਂਗੜਾ ਪੁੱਤਰੀ ਬਾਲਕ ਰਾਮ ਨਵਾਂਸ਼ਹਿਰ, ਅਮਨਿੰਦਰ ਕੌਰ ਪੁੱਤਰੀ ਅਮਰੀਕ ਸਿੰਘ ਨੰਗਲ, ਦੀਪਕਾ ਪੁੱਤਰੀ ਬਲਵਿੰਦਰ ਸਿੰਘ ਨਵਾਂਸ਼ਹਿਰ ਅਤੇ ਹਰਦੀਪ ਸਿੰਘ ਸੈਣੀ ਪੁੱਤਰ ਸੋਹਣ ਸਿੰਘ ਅਨੰਦਪੁਰ ਸਾਹਿਬ ਨੇ ਇਕੋ ਜਿਹੇ ਅੰਕ ਹਾਸਲ ਕਰਕੇ ਕੀਤਾ । ਇਸ ਮੌਕੇ ਕਾਲਜ ਦੇ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਬੀ.ਐਸ.ਸੀ. ਨਰਸਿੰਗ ਦੇ ਸ਼ਾਨਦਾਰ ਨਤੀਜੇ ਲਈ ਸਮੂਹ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈਆਂ ਦਿੱਤੀਆਂ । ਇਸ ਮੌਕੇ ਮੈਡਮ ਸੁਖਮਿੰਦਰ ਕੌਰ ਉਬੀ, ਮੈਡਮ ਸਰਬਜੀਤ ਕੌਰ ਕਲਾਸ ਇੰਚਾਰਜ, ਮੈਡਮ ਮਨਦੀਪ ਕੌਰ ਕਲਾਸ ਇੰਚਾਰਜ, ਮੈਡਮ ਸੰਦੀਪ ਸੂਦਨ, ਸ੍ਰੀ ਰਮਨ ਕੁਮਾਰ ਅਤੇ ਕਲਾਸ ਦੇ ਟੌਪਰ ਨਰਸਿੰਗ ਵਿਦਿਆਰਥੀ ਹਾਜ਼ਰ ਸਨ

# ਵਿਸ਼ਵ ਸ਼ਾਂਤੀ ਅਤੇ ਸਾਂਝੀਵਾਲਤਾ ਦਰਸਾਉਂਦਾ ਪੋਸਟਰ ਜਾਰੀ ਕੀਤਾ ਗਿਆ।

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਦਸੰਬਰ
INTERNATIONAL PAPER, 9463601616
hardipchumber57@gmail.com



ਵਿਸ਼ਵ ਸ਼ਾਤੀ ਸਥਾਪਿਤ ਕਰਨ ਹਿੱਤ ਇੱਕ ਮੁਹਿੰਮ ਸ਼ੁਰੂ ਕੀਤੀ ਗਈ ਹੈ। ਜਿਸਦੇ ਅੰਤਰਗਤ ਸਾਰੇ ਧਰਮਾਂ ਨੂੰ ਨਾਲ ਲੈ ਕੇ ਚਲਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਸੰਦੇਸ਼ ਦੇਣ ਹਿੱਤ ਹਿੰਦੂ, ਮੁਸਲਮਾਨ, ਸਿੱਖ, ਇਸਾਈ ਧਰਮਾਂ ਦੇ ਤੀਰਥਾਂ ਦੀ ਯਾਦਗਾਰ ਮੰਦਿਰ, ਮਸਜਿਦ, ਗੁਰਦੁਆਰਾ ਸਾਹਿਬ, ਚਰਚ ਦੀਆਂ ਤਸਵੀਰਾਂ ਲਗੀਆਂ ਦਾ ਇੱਕ ਪੋਸਟਰ ਜਾਰੀ ਕੀਤਾ ਗਿਆ ਹੈ। ਜੋ ਕਿ ਇੱਕ ਪ੍ਰੇਰਣਾ ਸਰੋਤ ਹੈ। ਇਹ ਤਸਵੀਰਾਂ ਸਾਰੇ ਧਰਮਾਂ ਨੂੰ ਵਿਸ਼ਵ ਸੁੱਖ ਸ਼ਾਂਤੀ ਵੱਲ ਪ੍ਰੇਰਿਤ ਕਰਦੀਆਂ ਹਨ ਅਤੇ ਸਾਂਝੀਵਾਲਤਾ ਦਾ ਉਪਦੇਸ਼ ਦਿੰਦੀਆਂ ਹਨ। ਇਹ ਪੋਸਟਰ ਜਸਵੰਤ ਸਿੰਘ ਕੌਲੀ, ਤਾਰਾ ਸਿੰਘ ਭਮਰਾ, ਜਗਦੀਸ਼ ਆਹੂਜਾ ਅਤੇ ਪੂਰਨ ਸਵਾਮੀ ਵਲੋਂ ਇਕਾਗਰ ਹੋ ਕੇ ਬਣਾਇਆ ਗਿਆ ਹੈ। ਪਟਿਆਲਾ ਦੇ ਸਤਿਕਾਰਯੋਗ ਡਿਪਟੀ ਕਮਿਸ਼ਨਰ ਸ੍ਰੀਮਤੀ ਪ੍ਰੀਤੀ ਯਾਦਵ ਜੀ ਨੇ ਜਨਤਾ ਦੇ ਹਿੱਤ ਵਿੱਚ ਇਹ ਪੋਸਟ ਜਾਰੀ ਕੀਤਾ ਗਿਆ ਹੈ ਅਤੇ ਉਹਨਾਂ ਨੇ ਇਹ ਇਕ ਸ਼ਲਾਘਾਯੋਗ ਕਦਮ ਦੱਸਿਆ ਹੈ। ਉਪਰੰਤ ਸ੍ਰੀ ਜਸਬੀਰ ਸਿੰਘ ਪੀ.ਏ. ਟੂ ਡੀ.ਸੀ. ਸਾਹਿਬ ਵਲੋਂ ਵੀ ਵਿਸ਼ਵ ਸ਼ਾਂਤੀ ਅਤੇ ਸਾਂਝੀਵਾਲਤਾ ਦਾ ਪ੍ਰਤੀਕ ਪੋਸਟਰ ਜਾਰੀ ਕੀਤਾ ਗਿਆ।

# ਔੜ ਬਲਾਕ ਨੂੰ ਤੋੜਨ ਵਿਰੁੱਧ 3 ਦਸੰਬਰ ਨੂੰ ਹੋਵੇਗਾ ਲੋਕਾਂ ਦਾ ਭਾਰੀ ਇਕੱਠ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਦਸੰਬਰ
INTERNATIONAL PAPER, 9463601616
hardipchumber57@gmail.com



ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਪੰਜਾਬ ਸਰਕਾਰ ਵੱਲੋਂ ਜਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਔੜ ਬਲਾਕ ਨੂੰ ਤੋੜਨ ਦੇ ਵਿਰੁੱਧ ਸੀ ਪੀ ਆਈ (ਐਮ. ਐਲ) ਨਿਊ ਡੈਮੋਕਰੇਸੀ ਵੱਲੋਂ ਜਨਤਕ ਜਥੇਬੰਦੀਆਂ ਇੱਕ ਮੀਟਿੰਗ 3 ਦਸੰਬਰ ਨੂੰ ਠੀਕ 11 ਵਜੇ ਧਰਮ ਸਿੰਘ ਪੰਗਲੀਆ ਬੀਬੀ ਅਮਰ ਕੌਰ ਪੰਗਲੀਆ (ਅਫਰੀਕਾ ਵਾਲੇ) ਕਮਿਊਨਿਟੀ ਯਾਦਗਾਰ ਹਾਲ ਉੜਾਪੜ ਵਿਖੇ ਬੁਲਾਈ ਗਈ ਹੈ। ਇਹ ਜਾਣਕਾਰੀ ਦਿੰਦੇ ਹੋਏ ਭਾਰਤੀ ਕਮਿਊਨਿਸਟ ਪਾਰਟੀ ( ਮਾਰਕਸਵਾਦੀ - ਲੈਨਿਨਵਾਦੀ ) ਨਿਊ ਡੈਮੋਕਰੇਸੀ ਦੇ ਆਗੂ ਦਲਜੀਤ ਸਿੰਘ ਐਡਵੋਕੇਟ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਔੜ ਬਲਾਕ ਨੂੰ ਤੋੜਨ ਨਾਲ ਔੜ ਨਾਲ ਜੁੜੇ ਰਹੇ ਪਿੰਡਾਂ ਦੇ ਲੋਕਾਂ ਨੂੰ ਅਤੇ ਪੰਚਾਇਤਾਂ ਨੂੰ ਆਪਣੇ ਕੰਮਾਂ ਕਾਰਾਂ ਲਈ ਬੰਗਾ ਅਤੇ ਨਵਾਂਸ਼ਹਿਰ ਜਾਣਾ ਪਵੇਗਾ। ਇੱਥੇ ਹੀ ਬਸ ਨਹੀਂ ਔੜ ਬਲਾਕ ਦੇ ਟੁੱਟਣ ਨਾਲ ਮੁੱਢਲਾ ਸਿਹਤ ਕੇਂਦਰ ਮੁਕੰਦਪੁਰ ਵੀ ਤੋੜਿਆ ਜਾ ਸਕਦਾ ਹੈ। ਖੇਤੀਬਾੜੀ ਬਲਾਕ ਅਫ਼ਸਰ ਔੜ ਦਾ ਦਫ਼ਤਰ ਵੀ ਬੰਦ ਹੋ ਜਾਵੇਗਾ। ਉਹਨਾਂ ਨੇ ਲੋਕਾਂ ਨੂੰ ਇਸ ਮੀਟਿੰਗ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕੀਤੀ ਹੈ।

# ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਪ੍ਰੀਨਿਰਵਾਣ ਦਿਵਸ 8 ਦਸੰਬਰ ਨੂੰ ਜ਼ਰੂਰ ਪਹੁੰਚੇ ਜੀ - ਪ੍ਰੀਆ ਅੰਬੇਡਕਰ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਦਸੰਬਰ
INTERNATIONAL PAPER, 9463601616
hardipchumber57@gmail.com




ਜਲੰਧਰ (ਚਰਨਜੀਤ ਸੱਲ੍ਹਾਂ )ਬਾਬਾ ਸਾਹਬ ਡਾ. ਅੰਬੇਡਕਰ ਜੀ ਦੇ ਪ੍ਰੀਨਿਰਵਾਣ ਦਿਵਸ ਨਾਲ ਸੰਬੰਧਿਤ ਪਿੰਡ ਧੰਨੋਵਾਲੀ ਜਲੰਧਰ ਵਿਖੇ ਪ੍ਰੋਗਰਾਮ ਰੱਖਿਆ ਗਿਆ ਹੈ ਪ੍ਰੋਗਰਾਮ ਵਿਚ ‘ਆਵਾਜ਼ ਏ ਕ੍ਰੋਮ’ ਸੰਤ “ਕ੍ਰਿਸ਼ਨ ਨਾਥ ਜੀ ਚਿਹੇੜੂ ਵਾਲੇ” ਮੁੱਖ ਮਹਿਮਾਨ ਦੇ ਰੂਪ ਚ ਸ਼ਿਰਕਤ ਕਰਨਗੇ l ਅਤੇ ਸਮਾਜ ਚ ਆਪਣਾ ਅਹਿਮ ਰੋਲ ਅਦਾ ਕਰਨ ਵਾਲੇ ਸਤਿਕਾਰਯੋਗ ਮਿਸ਼ਨਰੀ, ਸੂਝਵਾਨ ,ਸਮਾਜ ਨੂੰ ਸੇਧ ਦੇਣ ਵਾਲੇ ,ਗਿਆਨਵਾਨ ਬੁਲਾਰੇ ਜਿੰਨਾ ਵਿਚ ਮਿਸ਼ਨਰੀ ਲੇਖਕ ਸ੍ਰੀ ਸੋਹਣ ਸਹਿਜਲ ਜੀ ਅਤੇ ਐਡਵੋਕੇਟ ਨਵਰਾਜ ਸਿੰਘ ਜੀ (ਪੰਜਾਬ ਅਤੇ ਹਰਿਆਣਾ ਹਾਈ ਕੋਰਟ ) ਅਤੇ ਸ੍ਰੀ ਤੀਰਥ ਬਸਰਾ ਜੀ ਜੋ ਨਵਾਬ ਜੱਸਾ ਸਿੰਘ ਆਹਲੂਵਾਲੀਆ ਕਾਲਜ ਕਪੂਰਥਲਾ ਵਿਚ ਪ੍ਰਿੰਸੀਪਲ ਦੇ ਅਹੁਦੇ ਉੱਤੇ ਬਿਰਾਜਮਾਨ ਹਨ, ਸਮਾਜ ਨੂੰ ਸੇਧ ਦੇਣ ਲਈ ਪ੍ਰੋਗਰਾਮ ਚ ਉਪਸਥਿਤ ਹੋਣਗੇ l ਮੈਂ ਪ੍ਰੋਗਰਾਮ ਵਿਚ ਪਹੁੰਚ ਰਹੇ ਮੁੱਖ ਮਹਿਮਾਨ ਅਤੇ ਮੁੱਖ ਬੁਲਾਰਿਆ ਦਾ ਤਹਿ ਦਿਲ ਤੋਂ ਧੰਨਵਾਦ ਕਰਦੀ ਹਾਂ l ਇਸ ਮੌਕੇ ਪ੍ਰੋਗਰਾਮ ਵਿਚ ਸਾਡੇ ਸਤਿਕਾਰਯੋਗ ਮਿਸ਼ਨਰੀ ਲੇਖਕ ਸ੍ਰੀ ਬਲਵਿੰਦਰ ਪੁਆਰ ਜੀ ਸਟੇਜ ਸੈਕਟਰੀ ਵਜੋ ਭੂਮਿਕਾ ਨਿਭਾਉਣਗੇ ਪਿੰਡ ਵਿਚ ਬਾਬਾ ਸਾਬ ਦੀ ਸੋਚ ਨੂੰ ਅੱਗੇ ਵਧਾਉਣ ਦਾ ਕਾਰਜ ਸਾਥੀਆਂ ਵਲੋਂ ਆਰੰਭਿਆ ਗਿਆ ਹੈ ਜਿਸ ਵਿਚ ਮਨਦੀਪ ਧੰਨੋਵਾਲੀ ਜੀ ਸੇਵਾ ਨਿਭਾ ਰਹੇ ਹਨ l ਇਹ ਪ੍ਰੋਗਰਾਮ 8 ਦਸੰਬਰ ਨੂੰ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੇ ਪ੍ਰੀਨਿਰਵਾਣ ਦਿਵਸ ਨੂੰ ਸਮਰਪਿਤ ਹੋਵੇਗਾ। ਆਪ ਸਭ ਨੂੰ ਬੇਨਤੀ ਹੈ ਕੇ ਪਰਿਵਾਰ ਸਮੇਤ ਪ੍ਰੋਗਰਾਮ ਚ ਜ਼ਰੂਰ ਸ਼ਾਮਲ ਹੋਇਓ ਧੰ ਨ ਵਾ ਦ ਜੈ ਭੀਮ ਜੈ ਭਾਰਤ ਨਮੋ ਬੁੱਧਏ ਪ੍ਰਿਆ ਅੰਬੇਡਕਰ

# ਪ੍ਰਾਇਮਰੀ ਤੇ ਅਪਰ ਪ੍ਰਾਇਮਰੀ ਤੇ ਵਿਦਿਆਰਥੀਆਂ ਵਾਂਗ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਦੀਆਂ ਖੇਡਾਂ ਕਰਾਉਣ ਦੀ ਮੰਗ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 02 ਦਸੰਬਰ
INTERNATIONAL PAPER, 9463601616
hardipchumber57@gmail.com



ਹੁਸਿਆਰਪੁਰ, 2 ਦਸੰਬਰ (ਤਰਸੇਮ ਦੀਵਾਨਾ) - ਸਰਕਾਰੀ ਸਕੂਲਾਂ ਵਿੱਚ ਚੱਲ ਰਹੇ ਰਿਸੋਰਸ ਰੂਮਾਂ ਵਿੱਚ ਪੜ੍ਹਦੇ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਦੀਆਂ ਖੇਡਾਂ ਨਾ ਕਰਵਾਉਣ ਕਰਕੇ ਵਿਦਿਆਰਥੀਆਂ ਦੇ ਮਾਪਿਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਉੱਘੇ ਸਮਾਜ ਸੇਵਕ ਸੇਵਾ-ਮੁਕਤ ਸੁਖਵਿੰਦਰ ਸਿੰਘ ਭੱਟੀ ਨੇ ਦੱਸਿਆ ਕਿ ਵਿਭਾਗ ਵਲੋਂ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਦੀਆਂ ਅਜੇ ਤੱਕ ਖੇਡਾਂ ਨਹੀਂ ਕਰਵਾਈਆਂ ਗਈਆਂ ਜਦਕਿ ਪ੍ਰਾਇਮਰੀ, ਅੱਪਰ ਪ੍ਰਾਇਮਰੀ ਵਿਦਿਆਰਥੀਆਂ ਦੀਆਂ ਸੂਬਾ ਪੱਧਰੀ ਖੇਡਾਂ ਹੋ ਚੁੱਕੀਆਂ ਹਨ। ਉਹਨਾਂ ਕਿਹਾ ਕਿ ਦਸੰਬਰ ਮਹੀਨਾ ਸ਼ੁਰੂ ਹੋ ਚੁੱਕਾ ਹੈ ਜਦ ਕਿ ਅਗਲੇ ਮਹੀਨੇ ਨਵਾਂ ਸਾਲ ਸ਼ੁਰੂ ਹੋਣ ਵਾਲਾ ਹੈ। ਉਨਾ ਕਿਹਾ ਕਿ ਦਿਵਿਆਂਗ ਵਿਦਿਆਰਥੀਆਂ ਦੀਆਂ ਖੇਡਾਂ ਅਜੇ ਤੱਕ ਸ਼ੁਰੂ ਵੀ ਨਹੀਂ ਹੋਈਆਂ ਅਤੇ ਨਾ ਹੀ ਅਜੇ ਤੱਕ ਇਨ੍ਹਾਂ ਖੇਡਾਂ ਬਾਰੇ ਵਿਭਾਗ ਵਲੋਂ ਕੋਈ ਸ਼ਡਿਊਲ ਜਾਰੀ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਪਿਛਲੇ ਸਾਲ ਵੀ ਕਿਸੇ ਨੇ ਹੀ ਦਿਵਿਆਂਗ ਵਿਦਿਆਰਥੀਆਂ ਦੀਆਂ ਖੇਡਾਂ ਨਹੀ ਕਰਵਾਈਆ ਤੇ ਖਾਨਾ ਪੂਰਤੀ ਹੀ ਕਰਕੇ ਸਾਰ ਦਿੱਤਾ ਗਿਆ। ਉਹਨਾਂ ਕਿਹਾ ਕਿ ਅੱਜ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕ ਕਰਨ ਲਈ ਸੰਸਾਰ ਭਰ ’ਚ ਦਿਵਿਆਂਗ ਦਿਹਾੜਾ ਮਨਾਇਆ ਜਾ ਰਿਹਾ ਹੈ। ਪਰ ਦੁੱਖ ਦੀ ਗੱਲ ਇਹ ਹੈ ਕਿ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਦੀਆਂ ਵਿਸ਼ੇਸ਼ ਲੋੜਾਂ ਵੱਲ ਵਧੇਰੇ ਧਿਆਨ ਨਹੀਂ ਦਿੱਤਾ ਜਾਂਦਾ ਹੈ। ਉਨ੍ਹਾਂ ਨੂੰ ਕੇਵਲ ਵਿਚਾਰਾ ਕਹਿ ਕੇ ਖੂੰਜੇ ਲਾ ਦਿੱਤਾ ਜਾਂਦਾ ਹੈ। ਉਨਾ ਮੰਗ ਕੀਤੀ ਹੈ ਕਿ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਦੀਆਂ ਖੇਡਾਂ ਜਲਦੀ ਤੋਂ ਜਲਦੀ ਕਰਵਾਈਆਂ ਜਾਣ ਤਾਂ ਜੋ ਬੇਸਬਰੀ ਨਾਲ ਉਡੀਕ ਕਰ ਰਹੇ ਸੂਬੇ ਭਰ ਦੇ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਦੀਆਂ ਆਸਾਂ ਨੂੰ ਬੂਰ ਪੈ ਸਕੇ ਅਤੇ ਉਹ ਭਵਿੱਖ ’ਚ ਆਤਮ-ਨਿਰਭਰ ਬਣ ਸਕਣ।

# 3 ਦਸੰਬਰ ਲਈ ਕੌਮਾਂਤਰੀ ਦਿਵਿਆਂਗਤਾ ਦਿਹਾੜੇ 'ਤੇ ਵਿਸ਼ੇਸ਼

## ਪੰਜਾਬ ਦੇ ਦਿਵਿਆਂਗਾਂ ਨੂੰ ਸਿੱਧੀ ਭਰਤੀ ਤੇ ਪ੍ਰਮੋਸ਼ਨ ਕੋਟਾ 01.01.1996 ਤੋਂ 3 ਫੀਸਦੀ ਅਤੇ 19.04.2017 ਤੋਂ 4 ਫੀਸਦੀ ਮਿਲੇ-ਜਸਵਿੰਦਰ ਸਿੰਘ ਸਹੋਤਾ

"Equality and justice" Patiala 02 December INTERNATIONAL PAPER, 94636 01616 hardipchumber57@gmail.com

ਹੁਸ਼ਿਆਰਪੁਰ 2 ਦਸੰਬਰ (ਤਰਸੇਮ ਦੀਵਾਨਾ) - ਦਿਵਿਆਂਗ ਸਮਾਜ ਦਾ ਸਭ ਤੋਂ ਸਰੀਰਕ, ਆਰਥਿਕ, ਰਾਜਨੀਤਿਕ ਅਤੇ ਸੱਭਿਆਚਾਰਕ ਤੌਰ ਤੇ ਪੱਛੜਿਆ ਹੋਇਆ ਵਰਗ ਹੈ। ਦਿਵਿਆਂਗਾਂ ਨੂੰ ਸਮਾਜ ਵਿੱਚ ਸਥਾਪਿਤ ਹੋਣ ਲਈ ਰੁਕਾਵਟਾਂ ਮੁਕਤ ਮਾਹੌਲ ਮਿਲਣਾ ਚਾਹੀਦਾ ਹੈ। ਕੌਮਾਂਤਰੀ ਦਿਵਿਆਂਗਤਾ ਦਿਹਾੜੇ ਮੌਕੇ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹੋਏ ਦਿਵਿਆਂਗ ਰਾਈਟਜ਼ ਐਕਟਵਿਸਟ ਜਸਵਿੰਦਰ ਸਿੰਘ ਸਹੋਤਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਆਪਣੇ ਦਿਵਿਆਂਗ ਕਰਮਚਾਰੀਆਂ/ ਅਧਿਕਾਰੀਆਂ ਨੂੰ ਪ੍ਰਮੋਸ਼ਨ ਵਿੱਚ 3 ਫੀਸਦੀ ਰਾਖਵਾਂਕਰਨ ਮਿਤੀ 06.03.2011 ਤੋਂ ਦਿੱਤਾ ਹੈ। ਜਦੋਂ ਕਿ ਪਰਸਨਜ਼ ਵਿਦ ਡਿਸਏਬਲਟੀ ਐਕਟ 01.01.1996 ਤੋਂ ਲਾਗੂ ਹੋ ਗਿਆ ਸੀ। ਇਸ ਤੋਂ ਇਲਾਵਾ ਪ੍ਰਮੋਸ਼ਨ ਅਤੇ ਸਿੱਧੀ ਭਰਤੀ ਵਿੱਚ 4 ਫੀਸਦੀ ਦਿਵਿਆਂਗਤਾ ਕੋਟਾ 06.08.2019 ਤੋਂ ਲਾਗੂ ਕੀਤਾ ਗਿਆ ਸੀ, ਜਦੋਂ ਕਿ ਦੇਸ਼ ਭਰ ਵਿੱਚ ਦਿਵਿਆਂਗਾਂ ਦੇ ਅਧਿਕਾਰ ਐਕਟ 2016 ਮਿਤੀ 19.04.2017 ਤੋਂ ਲਾਗੂ ਹੋ ਗਿਆ ਸੀ। ਉਨ੍ਹਾਂ ਕਿਹਾ ਕਿ ਅਸਲ ਵਿੱਚ ਦਿਵਿਆਂਗਾਂ ਦੀ ਨਵੀਂ ਭਰਤੀ ਤੇ ਦਿਵਿਆਂਗ ਕਰਮਚਾਰੀਆਂ/ ਅਧਿਕਾਰੀਆਂ ਦੀ ਪ੍ਰਮੋਸ਼ਨ ਦਾ ਕੋਟਾ 01.01.1996 ਤੋਂ 3 ਫੀਸਦੀ ਅਤੇ 19.04.2017 ਤੋਂ 4 ਫੀਸਦੀ ਬਣਦਾ ਹੈ, ਜਿਹੜਾ ਕਿ ਗੁਆਂਢੀ ਸੂਬੇ ਹਰਿਆਣਾ ਦੀ ਸਰਕਾਰ ਨੇ ਲਾਗੂ ਵੀ ਕਰ ਦਿੱਤਾ ਹੈ। ਜਸਵਿੰਦਰ ਸਿੰਘ ਸਹੋਤਾ ਨੇ ਮੰਗ ਕੀਤੀ ਹੈ ਕਿ ਅੱਜ ਕੌਮਾਂਤਰੀ ਦਿਵਿਆਂਗਤਾ ਦਿਹਾੜੇ ਮੌਕੇ ਪੰਜਾਬ ਸਰਕਾਰ ਵੀ ਦਿਵਿਆਂਗਾਂ ਦੀ ਨਵੀਂ ਭਰਤੀ ਤੇ ਦਿਵਿਆਂਗ ਕਰਮਚਾਰੀਆਂ/ ਅਧਿਕਾਰੀਆਂ ਦੀ ਪ੍ਰਮੋਸ਼ਨ ਦਾ ਕੋਟਾ 01.01.1996 ਤੋਂ 3 ਫੀਸਦੀ ਅਤੇ 19.04.2017 ਤੋਂ 4 ਫੀਸਦੀ ਦੇਣ ਦਾ ਨੋਟੀਫਿਕੇਸ਼ਨ ਜਾਰੀ ਕਰੇ ਤਾਂ ਜੋ ਜ਼ਿਆਦਾ ਤੋਂ ਜ਼ਿਆਦਾ ਬੇਰੁਜਗਾਰ ਅਤੇ ਨੌਕਰੀ ਕਰ ਰਹੇ ਦਿਵਿਆਂਗ



ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਉਨ੍ਹਾਂ ਦਾ ਬਣਦਾ ਲਾਭ ਮਿਲ ਸਕੇ। ਜਸਵਿੰਦਰ ਸਿੰਘ ਸਹੋਤਾ ਨੇ ਕਿਹਾ ਕਿ ਅਜਿਹਾ ਹੋਣ ਨਾਲ ਜਿੱਥੇ ਸੈਂਕੜੇ ਬੇਰੁਜਗਾਰ ਦਿਵਿਆਂਗ ਰੁਜਗਾਰ ਪ੍ਰਾਪਤ ਕਰਕੇ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣਗੇ, ਉੱਥੇ ਦਿਵਿਆਂਗ ਕਰਮਚਾਰੀਆਂ/ ਅਧਿਕਾਰੀ ਨੂੰ ਪ੍ਰਮੋਸ਼ਨ ਮਿਲਣ ਨਾਲ ਉਨ੍ਹਾਂ ਦਾ ਹੋਰ ਹੌਂਸਲਾ ਵਧੇਗਾ ਅਤੇ ਉਹ ਮਾਣ ਮਹਿਸੂਸ ਕਰਨਗੇ।

# ਬੁੱਧ ਭਾਰਤ ਫਾਊਂਡੇਸ਼ਨ ਅਤੇ NRIs ਵੱਲੋਂ ਮਾਣਯੋਗ ਕੇ.ਸੀ ਸੁਲੇਖ ਜੀ ਦੇ ਸ਼ਰਧਾਂਜਲੀ ਸਮਾਗਮ ਪ੍ਰੋਗਰਾਮ ਕਰਵਾਇਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਦਸੰਬਰ INTERNATIONAL PAPER, 94636 01616 hardipchumber57@gmail.com




ਮਿਤੀ 30 ਨਵੰਬਰ 2025 ਨੂੰ ਪ੍ਰਬੁੱਧ ਭਾਰਤ ਫਾਊਂਡੇਸ਼ਨ ਅਤੇ NRIs ਵੱਲੋਂ ਮਾਣਯੋਗ ਕੇ.ਸੀ ਸੁਲੇਖ ਜੀ ਦੇ ਸ਼ਰਧਾਂਜਲੀ ਸਮਾਗਮ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਵੱਖ ਵੱਖ ਬੁਲਾਰਿਆਂ ਅਤੇ ਕਵੀਆਂ ਨੇ ਸੁਲੇਖ ਜੀ ਨੂੰ ਆਪਣੇ ਆਪਣੇ ਸ਼ਬਦਾਂ ਵਿੱਚ ਸ਼ਰਧਾਂਜਲੀ ਦਿੱਤੀ ਅਤੇ ਉਨਾਂ ਦੁਆਰਾ ਬਾਬਾ ਸਾਹਿਬ ਜੀ ਨਾਲ ਕੀਤੇ ਕੰਮਾਂ ਬਾਰੇ ਅਤੇ ਉਨਾਂ ਦੀਆਂ ਲਿਖਤਾਂ ਬਾਰੇ ਚਾਨਣਾ ਪਾਇਆ ਅਤੇ ਪ੍ਰੋਗਰਾਮ ਦੇ ਅੰਤ ਤੇ ਇੰਜ : ਵਿਸ਼ਾਲ ਖੈਰਾ ਵੱਲੋਂ ਨੈਤਿਕਤਾ, ਕਰਨ , ਵਿਗਿਆਨ, ਕੁਦਰਤ ਅਤੇ ਤਰਕ ਨੂੰ ਮੁੱਖ ਰੱਖ ਕੇ ਲਿਖੀ ਗਈ ਕਿਤਾਬ "ਬੁੱਧ ਅਤੇ ਉਨ੍ਹਾਂ ਦਾ ਧੰਮ ਮੇਰੀ ਨਜ਼ਰ ਵਿੱਚ" ਪ੍ਰਬੁੱਧ ਭਾਰਤ ਫਾਊਂਡੇਸ਼ਨ ਦੀ ਸੰਮੂਹ ਟੀਮ ਮੈਂਬਰਸ ਵੱਲੋਂ ਰਲੀਜ਼ ਵੀ ਕੀਤੀ ਗਈ, ਜੋ ਕਿ ਬਾਬਾ ਸਾਹਿਬ ਬੀ.ਆਰ.ਅੰਬੇਡਕਰ ਦੀ ਦੁਆਰਾ ਲਿਖੇ ਗਏ ਦੁਨੀਆ ਦੇ ਮਹਾਨ ਸ੍ਰੇਸ਼ਟ ਗ੍ਰੰਥ "ਬੁੱਧ ਅਤੇ ਉਨਾਂ ਦਾ ਧੰਮ" ਦੇ (ਪੰਜਾਬੀ ਅਨੁਵਾਦਾਂ ਅਤੇ ਇੰਗਲਿਸ਼ ਵਾਲੀਅਮ) ਨਾਲ ਸੰਬੰਧਿਤ ਹੈ, ਜਿਸ ਵਿੱਚ ਬੁੱਧ ਅਤੇ ਉਨ੍ਹਾਂ ਦਾ ਧੰਮ" ਗ੍ਰੰਥ ਚੋਂ ਲਏ ਗਏ ਚੁਣਵੇਂ ਵਿੱਸ਼ੇ ਤਰਕਵਾਦੀ ਦ੍ਰਿਸ਼ਟੀਕੋਣ ਨੂੰ ਚੁਣ ਕੇ ਆਪ ਜੀ ਅੱਗੇ ਪੇਸ਼ ਕਰਨ ਦੀ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਹੈ।

ਉਪਰੋਕਤ ਤੋਂ ਇਲਾਵਾ ਸਮੇਂ ਮੁਤਾਬਕ ਬੁੱਧ ਧੰਮ ਵਿੱਚ ਜੋ ਛੇਕ ਹੋ ਚੁੱਕੇ ਸਨ, ਉਨ੍ਹਾਂ ਛੇਕਾਂ ਨੂੰ ਬਾਬਾ ਸਾਹਿਬ ਦੇ ਵਿਗਿਆਨਕ ਦ੍ਰਿਸ਼ਟੀਕੋਣ ਮੁਤਾਬਕ ਭਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸ ਤੋਂ ਇਲਾਵਾ ਧੰਮ ਦੀ ਜਰੂਰਤ, ਧੰਮ ਇਤਿਹਾਸ, ਕਰਮ, ਗਿਆਨ, ਸ਼ੀਲ, ਨੈਤਿਕਤਾ ਬਾਰੇ ਲਿਖਣ ਦੀ ਇੱਕ ਛੋਟੀ ਜਿਹੀ ਕੋਸ਼ਿਸ਼ ਹੈ।

ਉਮੀਦ ਹੈ ਬੁੱਧ ਧੰਮ ਪ੍ਰੇਮੀਆਂ ਨੂੰ ਵਿਗਿਆਨ,ਤਰਕ ਨਾਲ ਭਰਪੂਰ ਇਹ ਕਿਤਾਬ ਜਰੂਰ ਪਸੰਦ ਆਵੇਗੀ ਅਤੇ ਆਪਣੇ ਵਿਚਾਰ ਲੇਖਕ ਨੂੰ ਜਰੂਰ ਭੇਜਣਗੇ,ਜਿਸ ਨਾਲ ਇਸ ਕਿਤਾਬ ਨੂੰ ਉਹ ਹੋਰ ਲਾਭਕਾਰੀ ਬਣਾ ਸਕੇ।ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਮਾਣਯੋਗ ਡਾਕਟਰ ਰਾਹੁਲ, ਡਾਕਟਰ ਰਜਿੰਦਰ ਥਿੰਦ ,ਡਾਕਟਰ ਸੁਭਾਸ਼ ਚੌਹਾਨ, ਡਾਕਟਰ ਗੁਰਦੀਸ਼ ਕੈਲੇ , ਮਿਸ਼ਨਰੀ ਲੇਖਕ ਸੋਹਣ ਸਹਿਜਲ ਜੀ,ਡਾਕਟਰ ਇੰਦਰਜੀਤ ਕਜਲਾ , ਸੋਹਣ ਲਾਲ ਸਾਂਪਲਾ ਜੀ (ਜਰਮਨ) ਗੁਰਦਿਆਲ ਬੌਧ ਜੀ, ਰਮੇਸ਼ ਕੌਲ, ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਮਾਸਟਰ ਤਜਿੰਦਰ ਜੀ ਨੇ ਪ੍ਰੋਗਰਾਮ ਆਰਥਿਕ ਸਹਿਯੋਗ ਲਈ ਧੰਮ ਪ੍ਰਚਾਰਕ ਅਤੇ ਚਿੰਤਕ ਮਾਣਯੋਗ ਓਸ਼ੋ ਰਾਜ ਕਨੇਡਾ , ਸਮਾਜ ਸੇਵਕ ਧਰਮ ਚੰਦ ਮਹੇ ਜੀ ਅਤੇ ਚਰਨਜੀਤ (ਪੁਆਰੀ ਵਕੀਲ) ਜੀ ਦਾ ਧੰਨਵਾਦ ਕੀਤਾ।

**ਕਿਤਾਬ ਖਰੀਦਣ ਲਈ ਤੁਸੀਂ ਹੇਠ ਦਿੱਤੇ ਪਤੇ ਅਤੇ ਫੋਨ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ ਕਿਤਾਬ ਦਾ ਨਾਂ: ਬੁੱਧ ਅਤੇ ਉਨ੍ਹਾਂ ਦਾ ਧੰਮ ਮੇਰੀ ਨਜ਼ਰ ਵਿੱਚ" ਪਬਲੀਸ਼ਰ: ਟ੍ਰਿਪਲ ਜੈਮ ਪਬਲੀਕੇਸ਼ਨ, ਫਗਵਾੜਾ ਫੋਨ ਨੰਬਰ: 99158-53404, 7707925975**

# ਸ੍ਰੀਲੰਕਾ 'ਚ ਚੱਕਰਵਾਤ ਦਿਤਵਾ ਕਾਰਨ ਲਗਪਗ 300,000 ਬੱਚੇ ਪ੍ਰਭਾਵਿਤ ਹੋਣ ਦਾ ਖਦਸ਼ਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਦਸੰਬਰ INTERNATIONAL PAPER, 94636 01616 hardipchumber57@gmail.com

